ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ



ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ

ਅੰਮ੍ਰਿਤਸਰ +91 81463 20009
ਪਟਿਆਲਾ +91 79735 07533






VOL-12 ISSUE 2216 | 7 September, 2025 Sunday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260


# ਅਮਰੀਕੀ ਪਾਇਲਟ ਅਤੇ ਇੰਨਫਲੂਐਂਸਰ ਏਥਨ ਗੁਓ ਨੂੰ 2 ਮਹੀਨਿਆਂ ਬਾਅਦ ਅੰਟਾਰਕਟਿਕ ਏਅਰ ਬੇਸ ਤੋਂ ਰਿਹਾਅ ਕੀਤਾ ਗਿਆ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਇੱਕ ਅਮਰੀਕੀ ਸੋਸ਼ਲ ਮੀਡੀਆ ਇਨਫਲੂਐਂਸਰ, ਜੋ ਬਿਨਾਂ ਇਜਾਜ਼ਤ ਦੇ ਚਿਲੀ ਦੇ ਇੱਕ ਏਅਰਬੇਸ ਵਿੱਚ ਦੋ ਮਹੀਨਿਆਂ ਤੋਂ ਫਸਿਆ ਹੋਇਆ ਸੀ, ਨੂੰ ਸ਼ਨੀਵਾਰ ਨੂੰ ਮੁੱਖ ਭੂਮੀ ਵਾਪਸ ਭੇਜ ਦਿੱਤਾ ਗਿਆ, ਜਿੱਥੇ ਉਸਨੂੰ $30,000 ਜੁਰਮਾਨੇ ਵਜੋਂ ਅਦਾ ਕਰਨੇ ਸਨ। ਈਥਨ ਗੁਓ, ਜੋ 19 ਸਾਲ ਦਾ ਸੀ ਜਦੋਂ ਉਸਨੇ ਕੈਂਸਰ ਖੋਜ ਲਈ ਆਪਣਾ ਫੰਡ ਇਕੱਠਾ ਕਰਨ ਦਾ ਮਿਸ਼ਨ ਸ਼ੁਰੂ ਕੀਤਾ ਸੀ, ਸਾਰੇ ਸੱਤ ਮਹਾਂਦੀਪਾਂ ਲਈ ਇਕੱਲੇ ਉਡਾਣ ਭਰਨ ਵਾਲਾ ਸਭ ਤੋਂ ਘੱਟ ਉਮਰ ਦਾ ਵਿਅਕਤੀ ਬਣਨ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਉਸਨੂੰ ਉਦੋਂ ਹਿਰਾਸਤ ਵਿੱਚ ਲੈ ਲਿਆ ਗਿਆ ਜਦੋਂ ਚਿਲੀ ਦੇ ਅਧਿਕਾਰੀਆਂ ਨੇ ਕਿਹਾ ਕਿ ਉਸਨੇ ਅਧਿਕਾਰੀਆਂ ਨੂੰ "ਝੂਠਾ ਉਡਾਣ ਯੋਜਨਾ ਡੇਟਾ" ਪ੍ਰਦਾਨ ਕਰਕੇ ਅਧਿਕਾਰੀਆਂ ਨੂੰ ਝੂਠ ਬੋਲਿਆ। ਵਕੀਲਾਂ ਨੇ ਕਿਹਾ ਕਿ ਉਸਨੂੰ ਦੱਖਣੀ ਚਿਲੀ ਵਿੱਚ ਸਿਰਫ਼ ਪੁੰਟਾ ਅਰੇਨਾਸ ਉੱਤੇ ਉਡਾਣ ਭਰਨ ਲਈ ਅਧਿਕਾਰਤ ਕੀਤਾ ਗਿਆ ਸੀ ਪਰ ਉਹ ਦੱਖਣ ਵੱਲ ਜਾਂਦਾ ਰਿਹਾ, ਆਪਣੇ ਸੇਸਨਾ 182ਥ ਵਿੱਚ ਅੰਟਾਰਕਟਿਕਾ ਵੱਲ ਜਾ ਰਿਹਾ ਸੀ, ਇੱਕ ਸਿੰਗਲ-ਇੰਜਣ ਹਲਕਾ ਜਹਾਜ਼ ਜੋ ਆਪਣੀ ਬਹੁਪੱਖੀਤਾ ਲਈ ਜਾਣਿਆ ਜਾਂਦਾ ਹੈ। 28 ਜੂਨ ਨੂੰ ਚਿਲੀ ਦੇ ਅੰਟਾਰਕਟਿਕ ਖੇਤਰ ਵਿੱਚ ਉਤਰਨ ਤੋਂ ਬਾਅਦ, ਉਸਨੂੰ ਉਸਦੇ ਵਕੀਲਾਂ ਅਤੇ ਸਰਕਾਰ ਵਿਚਕਾਰ ਕਾਨੂੰਨੀ ਗੱਲਬਾਤ ਦੌਰਾਨ ਇੱਕ ਫੌਜੀ ਅੱਡੇ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ। ਗੁਓ, ਜੋ ਮੂਲ ਰੂਪ ਵਿੱਚ ਟੈਨੇਸੀ ਤੋਂ ਹੈ ਅਤੇ ਜੁਲਾਈ ਵਿੱਚ 20 ਸਾਲ ਦਾ ਹੋ ਗਿਆ ਹੈ, ਨੇ ਸੀਮਤ ਸੰਚਾਰ ਅਤੇ ਠੰਢ ਵਾਲੇ ਅੰਟਾਰਕਟਿਕ ਸਰਦੀਆਂ ਦੇ ਤਾਪਮਾਨ ਦੇ ਨਾਲ ਬੇਸ ਵਿੱਚ ਦੋ ਮਹੀਨੇ ਬਿਤਾਏ। ਉਸਨੂੰ ਚਿਲੀ ਦੇ ਇੱਕ ਜੱਜ ਨੇ ਇਸ ਸ਼ਰਤ 'ਤੇ ਰਿਹਾਅ ਕਰ ਦਿੱਤਾ ਕਿ ਉਹ 30 ਦਿਨਾਂ ਦੇ ਅੰਦਰ ਇੱਕ ਬਚਪਨ ਦੇ ਕੈਂਸਰ ਫਾਊਂਡੇਸ਼ਨ ਨੂੰ ਇਕੱਠੇ ਕੀਤੇ ਹਜ਼ਾਰਾਂ ਡਾਲਰ ਦਾਨ ਕਰੇ ਅਤੇ ਜਿੰਨੀ ਜਲਦੀ ਹੋ ਸਕੇ ਦੇਸ਼ ਛੱਡ ਦੇਵੇ। ਉਸ 'ਤੇ ਤਿੰਨ ਸਾਲਾਂ ਲਈ ਚਿਲੀ ਦੇ ਖੇਤਰ ਵਿੱਚ ਦਾਖਲ ਹੋਣ 'ਤੇ ਵੀ



ਪਾਬੰਦੀ ਹੈ। ਪ੍ਰਭਾਵਕ ਦੇ ਵਕੀਲ ਜੈਮ ਬੈਰੀਐਂਟੋਸ ਨੇ ਐਸੋਸੀਏਟਿਡ ਪ੍ਰੈਸ ਨੂੰ ਦੱਸਿਆ ਕਿ ਗੁਓ ਇਸ ਲਈ ਉਤਰਿਆ ਕਿਉਂਕਿ ਉਸਨੂੰ ਖਰਾਬ ਮੌਸਮ ਕਾਰਨ ਆਪਣਾ ਜਹਾਜ਼ ਮੋੜਨਾ ਪਿਆ ਸੀ, ਅਤੇ ਉਸਨੂੰ ਚਿਲੀ ਦੇ ਅਧਿਕਾਰੀਆਂ ਤੋਂ ਅਧਿਕਾਰ ਪ੍ਰਾਪਤ ਹੋਇਆ ਸੀ। "ਉਸਨੂੰ ਹੈਰਾਨੀ ਹੋਈ ਕਿ ਜਦੋਂ ਉਹ ਪੁੰਟਾ ਅਰੇਨਾਸ ਵਾਪਸ ਜਾਣ ਵਾਲਾ ਸੀ ਤਾਂ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ, ਇੱਕ ਅਜਿਹੀ ਪ੍ਰਕਿਰਿਆ ਵਿੱਚ ਜੋ ਮੇਰੇ ਦ੍ਰਿਸ਼ਟੀਕੋਣ ਤੋਂ ਪੂਰੀ ਤਰ੍ਹਾਂ ਅਤਿਕਥਨੀ ਸੀ," ਬੈਰੀਐਂਟੋਸ ਨੇ ਕਿਹਾ। ਬੈਰੀਐਂਟੋਸ ਨੇ ਕਿਹਾ ਕਿ ਉਹ ਅਧਿਕਾਰੀਆਂ ਨਾਲ ਹੋਏ ਸਮਝੌਤੇ ਤੋਂ ਖੁਸ਼ ਸੀ। ਗੁਓ ਸ਼ਨੀਵਾਰ ਨੂੰ ਚਿਲੀ ਦੀ ਰਾਸ਼ਟਰੀ ਫੁੱਟਬਾਲ ਟੀਮ ਦੀ ਜਰਸੀ ਪਹਿਨੇ ਇੱਕ ਨੇਵੀ ਜਹਾਜ਼ 'ਤੇ ਪੁੰਟਾ ਅਰੇਨਾਸ ਵਿਖੇ ਉਤਰਿਆ ਅਤੇ ਉਤਰਨ ਤੋਂ ਬਾਅਦ ਪ੍ਰੈਸ ਨਾਲ ਦੋਸਤਾਨਾ ਦਿਖਾਈ ਦਿੱਤਾ, ਆਪਣੀ ਨਜ਼ਰਬੰਦੀ ਨੂੰ "ਸੀਮਤ ਆਜ਼ਾਦੀਆਂ" ਦੇ ਨਾਲ "ਸੰਸਾਰਿਕ" ਅਨੁਭਵ ਵਜੋਂ ਦਰਸਾਇਆ। "ਚਿਲੀ ਦੇ ਲੋਕ ਬਹੁਤ ਹੀ ਮਹਿਮਾਨ ਨਿਵਾਜੀ ਕਰ ਰਹੇ ਹਨ, ਉਹ ਸ਼ਾਨਦਾਰ ਲੋਕ ਰਹੇ ਹਨ। ਉਨ੍ਹਾਂ ਨੇ ਮੇਰੀ ਦੇਖਭਾਲ ਕੀਤੀ ਹੈ। ਉਨ੍ਹਾਂ ਨੇ ਮੈਨੂੰ ਸਪੈਨਿਸ਼ ਸਿਖਾਈ ਹੈ, ਅਤੇ ਉਨ੍ਹਾਂ ਨੇ ਮੇਰੇ ਨਾਲ ਪਰਿਵਾਰ ਵਾਂਗ ਵਿਵਹਾਰ ਕੀਤਾ ਹੈ," ਉਸਨੇ ਕਿਹਾ।

## ਟੈਕਸਾਸ ਅਤੇ ਮਿਸੂਰੀ ਵਿੱਚ 1.8 ਬਿਲੀਅਨ ਡਾਲਰ ਦੇ ਪਾਵਰਬਾਲ ਡਰਾਅ ਨੂੰ ਜੇਤੂ ਮਿਲੇ

**ਟੈਕਸਾਸ ਸਾਂਝੀ ਸੋਚ ਬਿਊਰੋ**

ਮਲਟੀ-ਸਟੇਟ ਲਾਟਰੀ ਐਸੋਸੀਏਸ਼ਨ ਨੇ ਕਿਹਾ ਕਿ ਸ਼ਨੀਵਾਰ ਰਾਤ ਦੇ ਡਰਾਅ ਦੌਰਾਨ ਲਗਭਗ 1.8 ਬਿਲੀਅਨ ਡਾਲਰ ਦੇ ਪਾਵਰਬਾਲ ਜੈਕਪਾਟ ਨੂੰ ਆਖਰਕਾਰ ਜੇਤੂ ਮਿਲ ਗਏ। ਐਸੋਸੀਏਸ਼ਨ ਨੇ ਸ਼ਨੀਵਾਰ ਦੇਰ ਰਾਤ ਇੱਕ ਬਿਆਨ ਵਿੱਚ ਕਿਹਾ ਕਿ ਜੈਕਪਾਟ ਜੇਤੂ ਟੈਕਸਾਸ ਅਤੇ ਮਿਸੂਰੀ ਤੋਂ ਸਨ, ਜਿਸਦੇ ਨਤੀਜੇ ਵਜੋਂ 1.787 ਬਿਲੀਅਨ ਡਾਲਰ ਦੇ ਜੈਕਪਾਟ ਨੂੰ ਦੋ-ਪੱਖੀ ਵੰਡਿਆ ਗਿਆ। ਜੇਤੂਆਂ ਦੀ ਗਿਣਤੀ 11, 23, 44, 61, 62 ਅਤੇ ਪਾਵਰਬਾਲ 17 ਸੀ, ਇਹ ਕਿਹਾ ਗਿਆ ਹੈ।

ਜੇਤੂ ਜੈਕਪਾਟ ਦਾ ਆਪਣਾ ਅੱਧਾ ਹਿੱਸਾ ਦਾਅਵਾ ਕਰਨ ਲਈ ਦੋ ਤਰੀਕਿਆਂ ਵਿੱਚੋਂ ਇੱਕ ਚੁਣਨ ਦੇ ਯੋਗ ਹੋਣਗੇ: $893.5 ਮਿਲੀਅਨ ਦਾ ਸਾਲਾਨਾ ਇਨਾਮ ਜਾਂ $410.3 ਮਿਲੀਅਨ ਦੀ ਇੱਕਮੁਸ਼ਤ ਅਦਾਇਗੀ। ਇਹ ਸਾਲਾਨਾ ਇਨਾਮ 29 ਸਾਲਾਂ ਦੇ ਅਰਸੇ ਵਿੱਚ 30 ਭੁਗਤਾਨਾਂ ਵਿੱਚ ਆਵੇਗਾ। ਜੇਤੂਆਂ ਦੀ ਪਛਾਣ ਅਤੇ ਟਿਕਟਾਂ ਕਿੱਥੇ ਵੇਚੀਆਂ ਗਈਆਂ ਸਨ, ਸਮੇਤ ਵਾਧੂ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ। ਐਸੋਸੀਏਸ਼ਨ ਨੇ ਕਿਹਾ ਕਿ 2 ਮਿਲੀਅਨ ਡਾਲਰ ਦੇ ਫੇਸ ਵੈਲਯੂ ਵਾਲੇ ਜਿੱਤਣ ਵਾਲੇ ਟਿਕਟ, ਜੋ ਕਿ ਪੰਜ ਨੰਬਰਾਂ ਦੇ ਨਾਲ-ਨਾਲ ਪਾਵਰਬਾਲ ਨੰਬਰ ਨਾਲ ਮੇਲ ਖਾਂਦੇ ਸਨ, ਟੈਕਸਾਸ ਅਤੇ ਕੈਨਸਸ ਵਿੱਚ ਖਰੀਦੇ ਗਏ ਸਨ। 31 ਮਈ ਤੋਂ ਬਾਅਦ ਕੋਈ ਜੇਤੂ ਨਾ ਹੋਣ ਕਾਰਨ ਜੈਕਪਾਟ ਵਧਿਆ। ਲਾਟਰੀ ਅਧਿਕਾਰੀਆਂ ਨੇ ਕਿਹਾ ਕਿ ਸ਼ਨੀਵਾਰ ਦਾ ਡਰਾਅ ਪਾਵਰਬਾਲ ਇਤਿਹਾਸ ਦੇ ਦੂਜੇ ਸਭ ਤੋਂ ਵੱਡੇ ਜੈਕਪਾਟ ਲਈ ਸੀ। ਉਨ੍ਹਾਂ ਨੇ ਕਿਹਾ ਕਿ ਇਸ ਤੋਂ ਵੱਧ ਕੀਮਤ ਵਾਲਾ ਇੱਕੋ ਇੱਕ ਜੈਕਪਾਟ 7 ਨਵੰਬਰ, 2022 ਨੂੰ ਕੈਲੀਫੋਰਨੀਆ ਵਿੱਚ ਜਿੱਤਿਆ ਗਿਆ 2.04 ਬਿਲੀਅਨ ਡਾਲਰ ਦਾ ਪਾਵਰਬਾਲ ਜੈਕਪਾਟ ਸੀ।








Space availabe for Ad
Contact #
+1 (209) 303-1260










Space availabe for Ad
Contact #
+1 (209) 303-1260






# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties

For more properties or business, contact us.






**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜ਼ਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਗੱਦੀ ਹਥਿਆਉਣ ਲਈ ਕਾਨੂੰਨਾਂ ਨੂੰ ਹਥਿਆਰ ਵਜੋਂ ਵਰਤਣਾ ਖ਼ਤਰਨਾਕ



SANJHI SOCH
ਗੁਰਮੀਤ ਸਿੰਘ ਪਲਾਹੀ
98158-02070

ਭਾਰਤੀ ਸੰਵਿਧਾਨ ਵਿੱਚ 130 ਵੀਂ ਸੋਧ ਕਰਨ ਲਈ ਭਾਰਤ ਸਰਕਾਰ ਵਲੋਂ ਪਾਰਲੀਮੈਂਟ ਵਿੱਚ ਬਿੱਲ ਪੇਸ਼ ਕੀਤਾ ਗਿਆ, ਜਿਸਨੂੰ ਹਾਲ ਦੀ ਘੜੀ ਵਿਚਾਰ ਕਰਨ ਲਈ ਸੰਯੁਕਤ ਪਾਰਲੀਮਾਨੀ ਕਮੇਟੀ ਹਵਾਲੇ ਕੀਤਾ ਗਿਆ। ਇਹ ਸੋਧ ਬਹੁਤ ਅਹਿਮ ਹੈ, ਕਿਉਂਕਿ ਇਸ ਸੋਧ ਅਧੀਨ ਕਿਸੇ ਇਹੋ ਜਿਹੇ ਮੰਤਰੀ (ਪ੍ਰਧਾਨ ਮੰਤਰੀ, ਮੁੱਖ ਮੰਤਰੀ ਸਮੇਤ) ਨੂੰ ਹਟਾਇਆ ਜਾ ਸਕਦਾ ਜੋ ਕਿਸੇ ਅਪਰਾਧਿਕ ਦੋਸ਼ ਵਿੱਚ ਗ੍ਰਿਫ਼ਤਾਰ ਹੋ ਜਾਏ ਅਤੇ ਜਿਸਦੇ ਲਈ ਉਸਨੂੰ ਪੰਜ ਸਾਲ ਜਾਂ ਉਸ ਤੋਂ ਵੱਧ ਕੈਦ ਹੋ ਸਕਦੀ ਹੈ ਜਾਂ ਜਿਹੜਾ ਤੀਹ ਦਿਨ ਜੇਲ੍ਹ 'ਚ ਰਿਹਾ ਹੋਵੇ।

ਉਪਰੋਕਤ 30 ਦਿਨਾਂ ਦੀ ਜੇਲ੍ਹ ਸ਼ਰਤ ਅਧੀਨ ਨਿਸ਼ਚਿਤ ਰੂਪ 'ਚ ਜਾਂਚ ਪੂਰੀ ਨਹੀਂ ਹੋਏਗੀ ਅਤੇ ਨਾ ਹੀ ਕੋਈ ਦੋਸ਼ ਪੱਤਰ, ਨਾ ਕੋਈ ਮੁੱਕਦਮਾ, ਅਤੇ ਨਾ ਹੀ ਕੋਈ ਦੋਸ਼ ਸਿੱਧ ਹੋ ਸਕੇਗਾ। ਫਿਰ ਵੀ 31ਵੇਂ ਦਿਨ ਸੰਬੰਧਿਤ ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਨੂੰ "ਅਪਰਾਧੀ" ਦੱਸਕੇ ਉਸਨੂੰ ਉਸਦੇ ਅਹੁਦੇ ਤੋਂ ਹਟਾ ਦਿੱਤਾ ਜਾਏਗਾ। ਪਰ ਇਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਕੋਈ ਪੁਲਿਸ ਅਧਿਕਾਰੀ ਗ੍ਰਿਫ਼ਤਾਰ ਕਰਨ ਦੀ ਹਿੰਮਤ ਕਰ ਸਕਦਾ ਹੈ? ਇਹ ਬਿੱਲ/ਕਾਨੂੰਨ ਵਿੱਚ ਪ੍ਰਧਾਨ ਮੰਤਰੀ ਨੂੰ ਸ਼ਾਮਲ ਕਰਨਾ ਕੀ ਹਾਸੋਹੀਣਾ ਨਹੀਂ?

ਭਾਰਤ ਦੇ ਸੰਵਿਧਾਨ ਦੀ ਧਾਰਾ 368 ਅਨੁਸਾਰ ਪਾਰਲੀਮੈਂਟ ਨੂੰ ਸੰਵਿਧਾਨਕ ਹੱਕ ਹੈ ਕਿ ਉਹ ਸੰਵਿਧਾਨ ਵਿੱਚ ਸੋਧ ਪਾਸ ਕਰ ਸਕਦਾ ਹੈ। ਧਾਰਾ 368 ਦੀ ਉਪ-ਨਿਯਮ 2 ਅਨੁਸਾਰ, ਸੋਧ ਦੀ ਪ੍ਰਕਿਰਿਆ ਬਿੱਲ ਪੇਸ਼ ਕਰਕੇ ਕੀਤੀ ਜਾਂਦੀ ਹੈ। ਫਿਰ ਇਹ ਬਿੱਲ ਦੋਹਾਂ ਸਦਨਾਂ ਲੋਕ ਸਭਾ ਅਤੇ ਰਾਜ ਸਭਾ ਵਿੱਚ ਕੁੱਲ ਮੈਂਬਰਾਂ ਦੇ ਬਹੁਮਤ ਨਾਲ ਜਾਂ ਉਸ ਸਦਨ ਵਿੱਚ ਹਾਜ਼ਰ ਮੈਂਬਰਾਂ ਵਿੱਚੋਂ ਘੱਟੋ-ਘੱਟ ਦੋ ਤਿਹਾਈ ਮੈਂਬਰਾਂ ਵਲੋਂ ਦਿੱਤੀ ਸਹਿਮਤੀ ਨਾਲ ਪਾਸ ਹੋ ਜਾਂਦਾ ਹੈ ਅਤੇ ਫਿਰ ਰਾਸ਼ਟਰਪਤੀ ਕੋਲ ਭੇਜਿਆ ਜਾਂਦਾ ਹੈ ਅਤੇ ਜੇਕਰ ਰਾਸ਼ਟਰਪਤੀ ਸਹਿਮਤੀ ਦੇ ਦਿੰਦੇ ਹਨ ਤਾਂ ਉਸਦੇ ਬਾਅਦ ਸੰਵਿਧਾਨ ਵਿਚਲੀ ਇਹ ਸੋਧ ਪਾਸ ਹੋ ਜਾਂਦੀ ਹੈ।

ਆਉ ਵੇਖੀਏ ਕਿ ਕੀ ਮੌਜੂਦਾ ਸਰਕਾਰ ਕੋਲ ਇਹ ਬਿੱਲ ਪਾਸ ਕਰਾਉਣ ਲਈ ਬਹੁਮਤ ਹੈ? ਮੌਜੂਦਾ ਹਾਕਮਾਂ ਭਾਜਪਾ ਅਤੇ ਸਹਿਯੋਗੀ ਪਾਰਟੀਆਂ ਕੋਲ ਇਸ ਸਮੇਂ ਇਹ ਬਿੱਲ ਪਾਸ ਕਰਾਉਣ ਲਈ ਪੂਰੀ ਸੰਖਿਆ ਨਹੀਂ ਹੈ। ਲੋਕ ਸਭਾ ਵਿੱਚ ਕੁੱਲ 543 ਵਿੱਚੋਂ ਰਾਜਗ ਦੇ 293 ਮੈਂਬਰ ਹਨ ਅਤੇ ਰਾਜ ਸਭਾ ਵਿੱਚ 245 ਮੈਂਬਰਾਂ ਵਿਚੋਂ 133 ਮੈਂਬਰ ਹਨ। ਜੇਕਰ ਦੋਹਾਂ ਸਦਨਾਂ ਦੇ ਸਾਰੇ ਮੈਂਬਰ ਸਦਨ 'ਚ ਹਾਜ਼ਰ ਹੋਣ ਅਤੇ ਵੋਟ ਪਾਉਣ ਤਾਂ ਵੀ ਇਹ ਸੰਖਿਆ ਦੋ ਤਿਹਾਈ ਨਹੀਂ ਹੋ ਸਕਦੀ।

ਭਾਰਤੀ ਜਨਤਾ ਪਾਰਟੀ ਇਸ ਬਿੱਲ ਨੂੰ ਸੰਵਿਧਾਨਕ ਅਤੇ ਸਿਆਸੀ ਨੈਤਿਕਤਾ ਦਾ ਪ੍ਰਤੀਕ ਬਣਾਕੇ ਪ੍ਰਚਾਰ ਕਰ ਰਹੀ ਹੈ, ਖ਼ਾਸ ਤੌਰ 'ਤੇ ਉਸ ਵੇਲੇ ਜਦੋਂ ਕਿ ਬਿਹਾਰ 'ਚ ਚੋਣਾਂ ਸਿਰ 'ਤੇ ਹਨ ਅਤੇ ਮਸ਼ੀਨਾਂ ਨਾਲ ਵੋਟਾਂ ਦੀ ਚੋਰੀ ਲਈ ਉਸ ਉਤੇ ਦੇਸ਼-ਵਿਆਪੀ ਦੋਸ਼ ਲੱਗ ਰਹੇ ਹਨ। ਭਾਜਪਾ ਕਹਿੰਦੀ ਹੈ ਕਿ ਕੀ ਕਿਸੇ ਭ੍ਰਿਸ਼ਟ ਮੰਤਰੀ ਨੂੰ ਹਟਾਉਣ ਤੋਂ ਵੱਡਾ ਕੋਈ ਹੋਰ ਚੰਗਾ ਕੰਮ ਹੋ ਸਕਦਾ ਹੈ? ਕੀ ਕੋਈ ਮੰਤਰੀ ਜਾਂ ਮੁੱਖ ਮੰਤਰੀ ਜੇਲ੍ਹ ਵਿੱਚੋਂ ਰਾਜ ਪ੍ਰਬੰਧ ਚਲਾ ਸਕਦਾ ਹੈ? ਜਿਵੇਂ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ ਸਰਕਾਰ ਚਲਾਉਣ ਦੀ ਕੋਸ਼ਿਸ਼ ਕਰਦਾ ਰਿਹਾ, ਹਾਲਾਂਕਿ ਉਸ ਉੱਤੇ ਗੰਭੀਰ ਭ੍ਰਿਸ਼ਟਾਚਾਰ ਦੇ ਦੋਸ਼ ਸਨ। ਭਾਜਪਾ ਦਾ ਕਹਿਣਾ ਹੈ ਕਿ ਜਿਹੜੇ ਲੋਕ ਇਸ ਬਿੱਲ ਲਈ ਹਾਮੀ ਭਰਦੇ ਹਨ, ਉਹ ਸੱਚੇ ਦੇਸ਼ ਭਗਤ ਹਨ ਅਤੇ ਰਾਸ਼ਟਰਵਾਦੀ ਹਨ। ਜੋ "ਨਾਂਹ" ਕਹਿੰਦੇ ਹਨ, ਉਹ ਰਾਸ਼ਟਰ ਵਿਰੋਧੀ ਜਾਣੀ ਸ਼ਹਿਰੀ ਨਕਸਲੀ ਜਾਂ ਪਾਕਿਸਤਾਨੀ ਏਜੰਟ ਹਨ।

ਨਰੇਂਦਰ ਮੋਦੀ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਸੰਘਰਸ਼ ਦੀ ਸ਼ੁਰੂਆਤ ਕਰ ਦਿੱਤੀ ਹੈ ਅਤੇ ਇਸ ਨੂੰ ਪੂਰੇ ਜੋਸ਼ ਨਾਲ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ। ਪਾਰਲੀਮੈਂਟਰੀ ਸਾਂਝੀ ਕਮੇਟੀ ਇਸ ਮੁੱਦੇ ਨੂੰ ਇੱਕ ਰਾਸ਼ਟਰ ਇੱਕ ਚੋਣ ਉਤੇ ਬਣੀ ਕਮੇਟੀ ਵਾਂਗਰ ਬਿਹਾਰ(2025) ਅਤੇ ਅਸਾਮ, ਕੇਰਲ, ਤਾਮਿਲਨਾਡੂ ਅਤੇ ਪੱਛਮੀ ਬੰਗਾਲ(2026) 'ਚ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਤੱਕ ਜੀਊਂਦਿਆਂ ਰੱਖ ਸਕਦੀ ਹੈ। ਇਸਦਾ ਹਾਕਮ ਧਿਰ ਨੂੰ ਫ਼ਾਇਦਾ ਹੋਏਗਾ?

ਅੰਗਰੇਜ਼ੀ ਦੇ ਪ੍ਰਸਿੱਧ ਅਖ਼ਬਾਰ ਇੰਡੀਅਨ ਐਕਸਪ੍ਰੈੱਸ ਨੇ 22 ਅਗਸਤ 2025 ਨੂੰ ਇੱਕ ਰਿਪੋਰਟ ਛਾਪੀ ਹੈ। ਅਖ਼ਬਾਰ ਨੇ ਲਿਖਿਆ ਹੈ ਕਿ 2014 ਤੋਂ ਹੁਣ ਤੱਕ 12 ਵਿਰੋਧੀ ਦਲ ਦੇ ਮੰਤਰੀਆਂ ਨੂੰ ਬਿਨ੍ਹਾਂ ਜ਼ਮਾਨਤ ਦੇ ਹਿਰਾਸਤ ਵਿੱਚ ਰੱਖਿਆ ਗਿਆ ਅਤੇ ਕਈਆਂ ਨੂੰ ਤਾਂ ਮਹੀਨਿਆਂ ਤੱਕ ਜੇਲ੍ਹ 'ਚ ਤੂੜਿਆ ਗਿਆ। ਇੱਕ ਹੋਰ ਰਿਪੋਰਟ ਇਹ ਵੀ ਦਸਦੀ ਹੈ ਕਿ 2014 ਤੋਂ ਬਾਅਦ ਤੋਂ ਹੁਣ ਤੱਕ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ 25 ਨੇਤਾ, ਜੋ ਵੱਖੋ-ਵੱਖਰੀਆਂ ਪਾਰਟੀਆਂ ਨਾਲ ਸੰਬੰਧਤ ਸਨ ਭਾਜਪਾ ਵਿੱਚ ਸ਼ਾਮਲ ਹੋਏ ਅਤੇ ਉਹਨਾ ਵਿੱਚੋਂ 23 ਨੂੰ ਦੋਸਾਂ ਤੋਂ ਵੀ ਮੁਕਤ ਕਰ ਦਿੱਤਾ ਗਿਆ। ਉਪਰੋਂ ਸੱਚਾਈ ਇਹ ਵੀ ਹੈ ਕਿ 2014 ਤੋਂ ਬਾਅਦ ਤੋਂ ਹੁਣ ਤੱਕ ਕਿਸੇ ਵੀ ਕੇਂਦਰ ਜਾਂ ਕਿਸੇ ਸੂਬੇ ਦੇ ਕਿਸੇ ਭਾਜਪਾ ਮੰਤਰੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

ਐਸੋਸੀਏਸ਼ਨ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੀ ਰਿਪੋਰਟ ਅਨੁਸਾਰ ਦੇਸ਼ ਭਰ ਵਿੱਚ 302 ਮੰਤਰੀ (ਲਗਭਗ 47%) ਆਪਣੇ ਵੱਲੋਂ ਦਿੱਤੇ ਹਲਫ਼ਨਾਮਿਆਂ ਵਿੱਚ ਆਪਣੇ ਆਪ ਉਤੇ ਅਪਰਾਧਿਕ ਕੇਸ ਹੋਣ ਦੀ ਗੱਲ ਮੰਨ ਚੁੱਕੇ ਹਨ।

ਇਹਨਾ ਵਿਚੋਂ 174 ਮੰਤਰੀ ਇਹੋ ਜਿਹੇ ਹਨ, ਜਿਹਨਾ ਉਤੇ ਹੱਤਿਆ , ਬਲਾਤਕਾਰ ਅਤੇ ਅਗਵਾ ਜਿਹੇ ਗੰਭੀਰ ਦੋਸ਼ ਹਨ। ਕੇਂਦਰ ਸਰਕਾਰ ਦੇ 72 ਮੰਤਰੀਆਂ ਵਿਚੋਂ 29 (40%) ਨੇ ਅਪਰਾਧਿਕ ਕੇਸ ਹੋਣ ਦੀ ਗੱਲ ਮੰਨੀ ਹੈ। ਏ.ਡੀ.ਆਰ. ਨੇ 27 ਰਾਜਾਂ 3 ਕੇਂਦਰ ਸ਼ਾਸ਼ਤ ਪ੍ਰਦੇਸ਼ ਅਤੇ ਕੇਂਦਰ ਸਰਕਾਰ ਦੇ ਕੁੱਲ 643 ਮੰਤਰੀਆਂ ਦੇ ਹਲਫੀਆ ਬਿਆਨਾਂ ਦਾ ਵਿਸ਼ਲੇਸ਼ਣ ਕੀਤਾ ਹੈ। ਇਹ ਰਿਪੋਰਟ 2020 ਤੋਂ 2025 ਦੇ ਦੌਰਾਨ ਹੋਈਆਂ ਚੋਣਾਂ ਦੇ ਦੌਰਾਨ ਦਾਖ਼ਲ ਕੀਤੇ ਗਏ ਹਲਫ ਨਾਮਿਆਂ ਤੋਂ ਹਾਸਲ ਕੀਤੀ ਹੈ।

ਰਿਪੋਰਟ ਦਸਦੀ ਹੈ ਕਿ ਭਾਜਪਾ ਦੇ 336 ਮੰਤਰੀਆਂ ਵਿਚੋਂ 136 ਉਤੇ, ਅਪਰਾਧਿਕ ਕੇਸ ਹਨ, ਜਿਹਨਾ ਵਿਚੋਂ 88 ਤੇ ਗੰਭੀਰ (ਬਲਾਤਕਾਰ ਅਤੇ ਅਗਵਾ ਜਿਹੇ) ਦੋਸ਼ ਹਨ। ਕਾਂਗਰਸ ਦੇ 61 ਵਿਚੋਂ 45 'ਤੇ ਕੇਸ ਹਨ ਅਤੇ 18 ਤੇ ਗੰਭੀਰ ਦੋਸ਼ ਹਨ। ਡੀ.ਐੱਮ.ਕੇ. ਦੇ 31 ਵਿਚੋਂ 27 ਮੰਤਰੀ ਆਰੋਪੀ ਹਨ ਜਿਸਦੇ 14 ਮੰਤਰੀਆਂ 'ਤੇ ਗੰਭੀਰ ਦੋਸ਼ ਹਨ। ਟੀ.ਐੱਮ.ਸੀ. ਦੇ 40 ਵਿੱਚੋਂ 13 'ਤੇ ਕੇਸ ਹਨ ਤੇ 8 'ਤੇ ਗੰਭੀਰ ਕੇਸ ਹਨ। ਤੈਲਗੂ ਦੇਸ਼ਮ ਪਾਰਟੀ ਦੇ 23 ਵਿਚੋਂ 22 'ਤੇ ਦੋਸ਼ ਹਨ, ਜਿਹਨਾ ਵਿਚੋਂ 22 ਮੰਤਰੀ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਆਮ ਆਦਮੀ ਪਾਰਟੀ ਦੇ 16 ਵਿਚੋਂ 11 ਮੰਤਰੀ ਆਰੋਪੀ ਹਨ ਜਿਹਨਾ ਵਿਚੋਂ 5 'ਤੇ ਗੰਭੀਰ ਦੋਸ਼ ਹਨ। ਹੁਣ ਜਦੋਂ ਕੇਂਦਰ ਸਰਕਾਰ 130 ਵੀਂ ਸੋਧ ਲਿਆ ਰਹੀ ਹੈ ਤਾਂ ਕੀ ਉਹ ਇਹਨਾ ਮੰਤਰੀਆਂ ਜਾਂ ਮੁੱਖ ਮੰਤਰੀਆਂ ਖਿਲਾਫ਼ ਕਾਰਵਾਈ ਕਰੇਗੀ? ਉਹਨਾ ਨੂੰ ਜੇਲ੍ਹ ਭੇਜੇਗੀ ਆਪਣਿਆਂ ਸਮੇਤ।

ਦੇਸ਼ ਵਿੱਚ ਭਾਜਪਾ ਦਾ ਗ੍ਰਾਫ਼ ਪਿਛਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਲਗਾਤਾਰ ਘੱਟ ਰਿਹਾ ਹੈ। ਦੇਸ਼ ਭਰ 'ਚ ਕਿਸਾਨ, ਖੇਤ ਮਜ਼ਦੂਰ, ਬੇਰੁਜ਼ਗਾਰ, ਇੱਕ ਮੁੱਠ ਹੋਕੇ ਉਸ ਵਿਰੁੱਧ ਮੁਹਿੰਮ ਚਲਾ ਰਹੇ ਹਨ। ਹਾਕਮ ਦੀਆਂ ਨਿੱਜੀਕਰਨ, ਨੀਤੀਆਂ ਨੂੰ ਭੰਡ ਰਹੇ ਹਨ। ਲੋਕ ਹਿਤੈਸ਼ੀ ਯੋਜਨਾਵਾਂ ਨੂੰ ਗੁੱਠੇ ਲਗਾਇਆ ਜਾ ਰਿਹਾ ਹੈ ਤਾਂ ਲੋਕਾਂ 'ਚ ਗੁੱਸਾ ਹੈ। ਹਾਕਮ ਇਸ ਗੁੱਸੇ ਨੂੰ ਭਾਂਪ ਰਿਹਾ ਹੈ ਅਤੇ ਹਰ ਹੀਲਾ ਵਰਤਕੇ ਦੇਸ਼ ਦੀ ਗੱਦੀ ਹੱਥੋਂ ਨਹੀਂ ਜਾਣ ਦੇਣਾ ਚਾਹੁੰਦਾ।

ਦੇਸ਼ ਵਿੱਚ 21 ਰਾਜਾਂ 'ਚ ਭਾਜਪਾ ਤੇ ਉਸਦੇ ਹਿਮਾਇਤੀ ਕਾਬਜ਼ ਹਨ ਅਤੇ ਕਾਂਗਰਸ ਸਿਰਫ਼ ਤਿੰਨਾਂ ਸੂਬਿਆਂ ਝਾਰਖੰਡ, ਕਰਨਾਟਕ ਅਤੇ ਹਿਮਾਚਲ 'ਚ ਕਾਬਜ਼ ਹੈ ਅਤੇ ਜੰਮੂ-ਕਸ਼ਮੀਰ 'ਚ ਉਮਰ ਅਬਦੁੱਲਾ, ਪੱਛਮੀ ਬੰਗਾਲ 'ਚ ਮਮਤਾ ਬੈਨਰਜੀ ਅਤੇ ਪੰਜਾਬ 'ਚ ਆਮ ਆਦਮੀ ਪਾਰਟੀ ਦਾ ਸਾਸ਼ਨ ਹੈ। ਪਰ ਭਾਜਪਾ ਉਪਰ, ਥੱਲੇ ਸਾਰੇ ਸੂਬਿਆਂ 'ਚ ਆਪ ਸ਼ਾਸ਼ਨ ਚਾਹੁੰਦੀ ਹੈ ਅਤੇ ਦੇਸ਼ 'ਚ ਹਿੰਦੀ, ਹਿੰਦੂ, ਹਿੰਦੋਸਤਾਨ ਦਾ ਅਜੰਡਾ ਲਾਗੂ ਕਰਨ ਲਈ ਯਤਨਸ਼ੀਲ ਹੈ। ਇਸੇ ਕਰਕੇ "ਇੱਕ ਦੇਸ਼ ਇੱਕ ਚੋਣ" ਦਾ ਨਾਹਰਾ ਉਸ ਵੱਲੋਂ ਲਗਾਇਆ ਜਾ ਰਿਹਾ ਹੈ ਅਤੇ ਇਸੇ ਕਰਕੇ ਪੂਰੇ ਦੇਸ਼ ਵਿੱਚੋਂ ਵਿਰੋਧੀ ਧਿਰ ਦਾ ਨਾਮੋ-ਨਿਸ਼ਾਨ ਮਿਟਾਉਣ ਦਾ ਉਸਨੇ ਟੀਚਾ ਮਿਥਿਆ ਹੈ। ਇਸੇ ਕਰਕੇ ਸੰਵਿਧਾਨਿਕ ਸੋਧਾਂ ਨਾਲ ਸੰਵਿਧਾਨ ਬਦਲਕੇ, ਸਮੁੱਚੀ ਤਾਕਤ ਆਪਣੇ ਹੱਥ ਕਰਨਾ ਉਪਰਲੇ ਹਾਕਮਾਂ ਦਾ ਵੱਡਾ ਸੁਪਨਾ ਹੈ।

ਕੇਂਦਰ ਸਰਕਾਰ ਵੱਲੋਂ ਆਪਣੇ 11 ਸਾਲ ਦੇ ਕਾਰਜਕਾਲ 'ਚ ਸਾਰੇ ਕਾਨੂੰਨਾਂ ਜਿਹਨਾ 'ਚ ਤਿੰਨ ਫੌਜਦਾਰੀ ਕਾਨੂੰਨ, ਚਾਰ ਕਿਰਤ ਕੋਡ, ਯੂ.ਏ.ਪੀ.ਏ. ਅਫਸਪਾ, ਪਬਲਿਕ ਸਕਿਊਰਿਟੀ ਐਕਟ ਅਤੇ ਅਜਿਹੇ ਹੋਰ ਕਾਨੂੰਨਾਂ ਨੂੰ ਹਥਿਆਰ ਦੀ ਤਰ੍ਹਾਂ ਵਰਤਿਆ ਗਿਆ ਹੈ, ਇਥੋਂ ਤੱਕ ਕਿ ਜੀ.ਐੱਸ.ਟੀ. ਘਟਾਕੇ ਉਸਦੀਆਂ ਦਰਾਂ ਦੋ ਹੀ ਰਹਿਣ ਦਿੱਤੀਆਂ ਗਈਆਂ ਹਨ ਤਾਂ ਕਿ ਲੋਕਾਂ ਨੂੰ ਖੁਸ਼ ਕੀਤਾ ਜਾ ਸਕੇ ਤੇ ਵੋਟਾਂ ਪ੍ਰਾਪਤ ਕੀਤੀਆਂ ਜਾ ਸਕਣ। ਨਵੇਂ ਅਪਰਾਧਿਕ ਕਾਨੂੰਨ ਅਧੀਨ ਕੋਈ ਵੀ ਪੁਲਿਸ ਅਧਿਕਾਰੀ ਕਿਸੇ ਵੀ ਵਿਅਕਤੀ ਨੂੰ ਵਰੰਟ ਦੇ ਨਾਲ ਜਾਂ ਵਰੰਟ ਦੇ ਬਿਨ੍ਹਾਂ ਹੀ ਗ੍ਰਿਫ਼ਤਾਰ ਕਰ ਸਕਦਾ ਹੈ। ਜੇਕਰ ਉਸਦੇ ਖਿਲਾਫ਼ ਇਹ ਉਚਿਤ ਸ਼ੱਕ ਹੋਵੇ ਕਿ ਉਸਨੇ ਕੋਈ ਅਪਰਾਧ ਕੀਤਾ ਹੈ।

ਦੇਸ਼ ਦੀ ਸੁਪਰੀਮ ਕੋਰਟ ਦੇ ਮਾਨਯੋਗ ਜੱਜ ਕ੍ਰਿਸ਼ਨ ਆਇਰ ਦੇ ਇਸ ਕਥਨ ਦੇ ਬਾਵਜੂਦ ਕਿ ਜ਼ਮਾਨਤ ਨਿਯਮ ਹੈ, ਜੇਲ੍ਹ ਬੁਰਾਈ ਹੈ, ਹੇਠਲੀਆਂ ਅਦਾਲਤਾਂ ਜ਼ਮਾਨਤ ਦੇਣ ਤੋਂ ਅਕਸਰ ਪਰਹੇਜ਼ ਕਰਦੀਆਂ ਹਨ। ਹਾਈ ਕੋਰਟਾਂ 'ਚ ਪਹਿਲੀ ਸੁਣਵਾਈ 'ਚ ਜ਼ਮਾਨਤ ਨਹੀਂ ਮਿਲਦੀ ਅਤੇ ਸਰਕਾਰ ਨੂੰ ਕਿਸੇ ਨਾ ਕਿਸੇ ਬਹਾਨੇ ਇਸ ਮਾਮਲੇ ਨੂੰ ਖਿਚਣ ਦਾ ਮੌਕਾ ਮਿਲ ਜਾਂਦਾ ਹੈ, ਇਹੋ ਜਿਹੇ ਹਾਲਤਾਂ 'ਚ 60 ਤੋਂ 90 ਦਿਨਾਂ ਬਾਅਦ ਜ਼ਮਾਨਤ ਮਿਲਦੀ ਹੈ। ਸਿੱਟਾ ਇਹ ਨਿਕਲਦਾ ਹੈ ਕਿ ਕਿਸੇ ਵੀ ਕੇਸ 'ਚ ਫਸੇ ਵਿਅਕਤੀ ਲਈ ਸੁਪਰੀਮ ਕੋਰਟ ਹੀ ਸਹਾਰਾ ਬਣਦੀ ਹੈ ਅਤੇ ਜ਼ਮਾਨਤ ਦਿੰਦੀ ਹੈ। ਇਸੇ ਕਰਕੇ ਵੱਡੀ ਗਿਣਤੀ 'ਚ ਕੇਸ ਉਥੇ ਹੀ ਜਾਂਦੇ ਹਨ।

ਸੁਪਰੀਮ ਕੋਰਟ ਤੱਕ ਜਦੋਂ ਤੱਕ ਮੰਤਰੀ, ਮੁੱਖ ਮੰਤਰੀ ਆਪਣੀਆਂ ਅਪੀਲਾਂ, ਦਲੀਲਾਂ ਲੈ ਕੇ ਪੁੱਜਣਗੇ, ਉਦੋਂ ਤੱਕ ਸੰਵਿਧਾਨ ਦੀ 130 ਵੀਂ ਸੋਧ ਅਧੀਨ ਹਾਕਮ, ਆਪਣੇ ਵਿਰੋਧੀਆਂ ਨੂੰ ਬਦਨਾਮ ਵੀ ਕਰ ਚੁੱਕੇ ਹੋਣਗੇ ਅਤੇ ਆਪਣੀ ਹੈਂਕੜ ਵੀ ਪੁਗਾ ਚੁੱਕੇ ਹੋਣਗੇ। ਸੋ ਸਪਸ਼ਟ ਹੈ ਕਿ ਇਹ ਬਿੱਲ ਵਿਰੋਧੀਆਂ 'ਚ ਇੱਕ ਵੱਡਾ ਡਰ ਪੈਦਾ ਕਰਨ ਦਾ ਹਥਿਆਰ ਬਣ ਗਿਆ ਹੈ। 'ਇੰਡੀਆ' ਗਠਜੋੜ ਅਤੇ ਤ੍ਰਿਮੂਲ ਕਾਂਗਰਸ ਉਤੇ ਇਹ ਹਥਿਆਰ ਵਰਤੇ ਜਾਣ ਦਾ ਡਰ ਹੈ, ਕਿਉਂਕਿ ਹਾਕਮ, ਹਿੰਦੋਸਤਾਨ ਨੂੰ ਕਾਂਗਰਸ ਮੁਕਤ ਕਰਨਾ ਚਾਹੁੰਦੇ ਹਨ ਅਤੇ ਤ੍ਰਿਮੂਲ ਕਾਂਗਰਸ ਦੀ ਸ਼ਕਤੀਸ਼ਾਲੀ ਮੁੱਖ ਮੰਤਰੀ ਨੂੰ ਹਰ ਹੀਲੇ ਖੂੰਜੇ ਲਾਉਣਾ ਚਾਹੁੰਦੇ ਹਨ। ਇੰਡੀਆ ਗੱਠਜੋੜ ਤੇ ਤ੍ਰਿਮੂਲ ਕਾਂਗਰਸ ਅਸਾਨੀ ਨਾਲ ਪਾਰਲੀਮੈਂਟ ਵਿੱਚ ਆਪਣੇ ਮੈਂਬਰਾਂ ਦੀ ਤਾਕਤ ਦਿਖਾਕੇ ਇਸ ਬਿੱਲ ਨੂੰ ਪਾਸ ਹੋਣ ਤੋਂ ਰੋਕ ਸਕਦੇ ਹਨ। ਹਾਲਾਂਕਿ ਰਾਜਗ (ਭਾਜਪਾ ਦੇ ਸਹਿਯੋਗੀ) ਸਰਕਾਰ ਨੂੰ ਭਰੋਸਾ ਹੈ ਕਿ ਉਹ ਬਿੱਲ ਨੂੰ ਪਾਸ ਕਰਵਾਉਣ ਲਈ ਕੋਈ ਨਾ ਕੋਈ ਹੱਲ ਕੱਢ ਹੀ ਲੈਣਗੇ।

ਹੋ ਸਕਦਾ ਹੈ ਕਿ ਉਸ ਕੋਲ ਦੋਨਾਂ ਸਦਨਾਂ ਵਿੱਚ ਕੁਝ ਵਿਰੋਧੀ ਦਲਾਂ ਜਾਂ ਸੰਸਦ ਮੈਂਬਰਾਂ ਨੂੰ ਆਪਣੇ ਪੱਖ 'ਚ ਕਰਨ ਦਾ ਕੋਈ ਢੰਗ ਹੋਵੇ। ਜਾਂ ਹੋ ਸਕਦਾ ਹੈ ਕਿ ਉਸਦੇ ਕੋਲ ਕੁਝ ਵਿਰੋਧੀ ਸੰਸਦ ਮੈਂਬਰਾਂ ਨੂੰ ਗਾਇਬ ਕਰਨ ਦੀ ਤਰਕੀਬ ਹੋਵੇ ਅਤੇ ਬਿੱਲ ਪਾਸ ਕਰਵਾਉਣ ਲਈ ਕੋਈ ਵੱਡੀ ਯੋਜਨਾ ਹੋਵੇ ਜਾਂ ਫਿਰ ਉਸਦੇ ਕੋਲ ਕੋਈ ਇਹੋ ਜਿਹੀ ਰਣਨੀਤੀ ਹੋਵੇ ਜੋ ਸਮਝ ਤੋਂ ਪਰ੍ਹੇ ਹੋਵੇ।

ਪਰ ਇਹੋ ਜਿਹਾ ਬਿੱਲ, ਕਾਨੂੰਨ ਬਣ ਜਾਣਾ ਰਾਸ਼ਟਰ ਹਿੱਤ ਵਿੱਚ ਨਹੀਂ ਹੈ। ਗੱਦੀ ਹਥਿਆਉਣ ਲਈ ਕਾਨੂੰਨਾਂ ਨੂੰ ਹਥਿਆਰ ਵਜੋਂ ਵਰਤਣਾ ਲੋਕਤੰਤਰ ਦੀਆਂ ਜੜ੍ਹਾਂ 'ਚ ਤੇਲ ਦੇਣ ਸਮਾਨ ਹੈ ਅਤੇ ਡਿਕਟੇਟਰਾਨਾ ਰੁਚੀਆਂ ਨੂੰ ਅੱਗੇ ਵਧਾਉਣ ਦੇ ਤੁਲ ਹੈ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਭਾਰਤ ਵੀ ਬੇਲਾਰੂਸ, ਬੰਗਲਾਦੇਸ਼, ਕੰਬੋਡੀਆ, ਕੈਮਰੂਨ, ਕਾਂਗੋ (ਡੀ.ਆਰ.ਸੀ), ਮਿਆਂਮਾਰ, ਨਿਕਾਰਾਗੁਆ, ਪਾਕਿਸਤਾਨ, ਰੂਸ, ਰਿਵਾਂਡਾ, ਯੁਗਾਂਡਾ, ਵੈਨਜ਼ੁਏਲਾ, ਜਾਂਬੀਆ ਅਤੇ ਜਿੰਬਾਬਵੇ ਦੀ ਕਤਾਰ ਵਿੱਚ ਹੋ ਜਾਏਗਾ, ਜੋ ਆਮ ਤੌਰ 'ਤੇ ਵਿਰੋਧੀ ਨੇਤਾਵਾਂ ਨੂੰ ਜੇਲ੍ਹ ਵਿੱਚ ਸੁੱਟ ਦਿੰਦੇ ਹਨ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

Gillson TRUCKING INC

# NOW HIRING

## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight

### SKILLS

- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES

- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY

- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking | company/gillsontrucking | www.teamgillson.com

# ivps
## India Visa & Passport Services

ਸਾਰੇ ਹੀ ਕੰਮ ਬਹੁਤ ਹੀ ਸਸਤੇ ਰੇਟਾਂ ਤੇ ਕੀਤੇ ਜਾਂਦੇ ਹਨ।

| ਸੇਵਾਵਾਂ | SERVICES |
|---|---|
| ਪਾਸਪੋਰਟ ਨਵਾ ਬਣਾਉਣਾ ਹੋਵੇ ਜਾਂ ਉਸ ਦੀ ਤਰੀਕ ਵਧਾਉਣੀ ਹੋਵੇ | New or Renew Passport Application |
| ਇੰਡੀਆ ਜਾਣ ਲਈ ਵਾਪਸੀ ਪੱਤਰ ਲੈ ਕੇ ਪੱਕੇ ਤੋਰ ਤੇ ਇੰਡੀਆ ਜਾਣਾ ਹੋਵੇ | Emergency Certificate (EC)-Travel Document |
| ਇੰਡੀਆ ਦਾ ਵੀਜ਼ਾ ਲੈਣਾ ਹੋਵੇ | Sticker Visa or Evisa Application |
| Surrender ਸਰਟੀਫਕੇਟ ਲੈਣਾ ਹੋਵੇ | Renunciation/ Surrender Certificate application |
| OCI ਲੈਣ ਵਾਸਤੇ | OCI application |
| ਹੇਠ ਲਿਖੇ ਦਸਤਾਵੇਜ਼ਾਂ ਦੀ ਤਸਦੀਕ ਕਰਾਉਣੀ ਹੋਵੇ<br>• ਪਾਵਰ ਆਫ ਅਟਾਰਨੀ ਅਟੈਸਟ ਕਰਵਾਉਣਾ ਹੋਵੇ<br>• ਲ਼ਾਈਫ ਸਰਟੀਫਕੇਟ ਬਣਾਉਣ ਲਈ<br>• ਜੇਕਰ ਬੱਚਾ ਇੰਡੀਆ ਹੈ ਤਾਂ ਉਸ ਦਾ ਪਾਸਪੋਰਟ ਬਣਾਉਣ ਲਈ ਅਮਰੀਕਾ ਤੋਂ affidavit ਭੇਜਣਾ ਹੋਵੇ<br>• ਅਸਤ ਪਾਉਣ ਲਈ ਇੰਡੀਆ ਲੈਕੇ ਜਾਣ ਲਈ ਪੈਪਰ ਅਟੈਸਟ ਕਰਵਾਉਣੇ ਹੋਣ | Attestations of following documents<br>• Power of Attorney<br>• Life Certificate<br>• Affidavit for child passport to be issued India<br>• Death Documents Attestations - Transportation of Ashes/Mortal Remains to India |

**Surrender Certificate/ Visa ਜਾ Surrender Certificate/OCI ਲੈਣ ਲਈ Package Price ਵੀ ਦਿੰਦੇ ਹਾਂ।**









- ਅਸੀ ਤੁਹਾਡੀ ਸੇਵਾ ਵਿੱਚ 7 days a week ਹਾਜ਼ਰ ਹਾਂ।
- Emergency ਸਮੇਂ ਕਿਸੇ ਵੀ ਸਮੇਂ ਕਾਲ ਕਰੋ ਤੁਹਾਡੀ ਸੇਵਾ ਲਈ 24 ਘੰਟੇ ਹਾਜਰ ਹਾਂ। (Emergency ਸੇਵਾਵਾਂ ਦੇ ਵੱਖਰੇ ਪੈਸੇ ਲਏ ਜਾਣਗੇ)

ਪਰੇਸ਼ਾਨ ਹੋਣ ਦੀ ਲੋੜ ਨਹੀ ਹੁਣੇ ਕਾਲ ਕਰੋ

**Boota Singh Basi (209) 303-1260**

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਸੈਨ ਹੋਜ਼ੇ ਗੁਰਦੁਆਰਾ ਸਾਹਿਬ 'ਚ 31 ਰਾਗ ਕੀਰਤਨ ਦਰਬਾਰ ਕਰਵਾਇਆ ਗਿਆ

























ਸਿੱਖ ਸੰਗਤ ਬੇ ਏਰੀਆ SIKH SANGAT BAY AREA

ੴ ਸਤਿਗੁਰ ਪ੍ਰਸਾਦਿ॥

# Appeal for Current San Jose Gurdwara Prabandhak Commetti

# ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਲਈ ਅਪੀਲ

ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ 12 ਅਕਤੂਬਰ 2025, ਦਿਨ ਐਤਵਾਰ ਨੂੰ ਹੋਣ ਜਾ ਰਹੀਆਂ ਹਨ। ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਤੁਹਾਡੀਆਂ ਵੋਟਾਂ ਦੀ ਹੱਕਦਾਰ ਹੈ ਕਿਉਂਕਿ ਇਹ ਉਹ ਪ੍ਰਬੰਧਕ ਕਮੇਟੀ ਹੈ ਜਿਸ ਨੇ ਉੱਤਰੀ ਅਮਰੀਕਾ ਦਾ ਸਭ ਤੋਂ ਵੱਡਾ ਗੁਰਦੁਆਰਾ ਸੰਗਤ ਦੇ ਸਹਿਯੋਗ ਨਾਲ ਸੰਗਤ ਨੂੰ ਭੇਂਟ ਕੀਤਾ ਹੈ। ਮੌਜੂਦਾ ਪ੍ਰਬੰਧਕ ਕਮੇਟੀ ਸੰਗਤ ਦੀ ਧਾਰਮਿਕ ਸ਼ਰਧਾ ਦੀ ਪੂਰਤੀ ਅਤੇ ਬੱਚਿਆਂ ਦੇ ਗੁਰਸਿੱਖੀ ਭਵਿੱਖ ਲਈ ਉੱਚ ਕੋਟੀ ਦੇ ਧਾਰਮਿਕ ਪ੍ਰੋਗਰਾਮ ਹਮੇਸ਼ਾ ਅਯੋਜਿਤ ਕਰਦੀ ਰਹੀ ਹੈ ਜਿਨ੍ਹਾਂ ਵਿਚ 31 ਰਾਗਾਂ 'ਤੇ ਅਧਾਰਿਤ ਕੀਰਤਨ ਦਰਬਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਨਗਰ ਕੀਰਤਨ, ਖਾਲਸਾ ਪੰਥ ਦਾ ਜਨਮ ਦਿਹਾੜਾ ਹੋਲਾ ਮਹੱਲਾ ਵਰਗੇ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹਨ। ਸੈਨਹੋਜ਼ੇ ਗੁਰਦੁਆਰਾ ਸਾਹਿਬ ਦਾ ਖਾਲਸਾ ਸਕੂਲ ਵੀ ਬੱਚਿਆਂ ਨੂੰ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਗੁਰਮਤਿ ਨਾਲ ਜੋੜ ਕੇ ਰੱਖਣ ਲਈ ਯੋਗਦਾਨ ਪਾ ਰਿਹਾ ਹੈ। ਮੌਜੂਦਾ ਪ੍ਰਬੰਧਕ ਕਮੇਟੀ ਦੂਰ ਅੰਦੇਸ਼ੀ ਦੀ ਮਾਲਕ ਹੈ, ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਨੂੰ ਸਮਰਪਿਤ ਹੈ ਅਤੇ ਕੌਮ ਵਾਸਤੇ ਅਨੇਕਾਂ ਹੋਰ ਉੱਤਮ ਪ੍ਰੋਜੈਕਟ ਕਰਨ ਦੀ ਚਾਹਵਾਨ ਵੀ ਹੈ। ਮੌਜੂਦਾ ਪ੍ਰਬੰਧਕ ਕਮੇਟੀ ਸੰਗਤ ਦੀ ਕਸਵੱਟੀ 'ਤੇ ਹਮੇਸ਼ਾ ਖਰੀ ਉੱਤਰੀ ਹੈ, ਇਸ ਵਿਚ ਸੂਝਵਾਨ, ਪੜ੍ਹੇ ਲਿਖੇ, ਇਮਾਨਦਾਰ, ਗੁਰਬਾਣੀ ਨਾਲ ਜੁੜੇ ਪੰਥ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਉਮੀਦਵਾਰ ਸ਼ਾਮਿਲ ਹਨ। ਅਗਰ ਆਪ ਜੀ ਸੈਨਹੋਜ਼ੇ ਗੁਰਦੁਆਰਾ ਸਾਹਿਬ ਨੂੰ ਹੋਰ ਵੀ ਚੜ੍ਹਦੀ ਕਲਾ ਵਿਚ ਵੇਖਣਾ ਚਾਹੁੰਦੇ ਹੋ ਤਾਂ ਅਸੀਂ ਸਮੁੱਚੀ ਸਾਧ ਸੰਗਤ ਨੂੰ ਅਪੀਲ ਕਰਦੇ ਹਾਂ ਕਿ ਆਪ ਚੋਣਾਂ ਵਾਲੇ ਦਿਨ 12 ਅਕਤੂਬਰ 2025, ਦਿਨ ਐਤਵਾਰ ਸਵੇਰ 8 ਤੋਂ ਰਾਤ 8 ਵਜੇ ਤੱਕ ਆਪਣੀ ਵੋਟ ਦੀ ਵਰਤੋਂ ਕਰਦਿਆਂ ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ ਜੀ।

## ਬੇਨਤੀ ਕਰਤਾ:



ਹਰਜੀਤ ਸਿੰਘ | ਪਲਵਿੰਦਰ ਸਿੰਘ | ਅਕਾਲਜੋਤ ਸਿੰਘ ਚੀਮਾ | ਹਰਪ੍ਰੀਤ ਸਿੰਘ ਸੈਣੀ | ਬੀਬੀ ਸਰਬਜੀਤ ਕੌਰ ਚੀਮਾ | ਰਜਨੀ ਕੌਰ | ਸਿਮਰਨ ਕੌਰ | ਗੁਰਦਾਵਰ ਸਿੰਘ ਮਾਨ | ਰਜਿੰਦਰ ਸਿੰਘ | ਕੇਵਲ ਸਿੰਘ ਭੱਖਰ | ਅਜੇਪਾਲ ਸਿੰਘ



ਇੰਦਰਜੀਤ ਸਿੰਘ ਚੱਠਾ | ਕਰਨ ਸਿੰਘ ਸੰਧੂ | ਗੁਰਸੇਵਕ ਸਿੰਘ ਮੁਸਾਫਿਰ | ਜਤਿੰਦਰਪਾਲ ਸਿੰਘ | ਸ੍ਰ. ਸ਼ਰਨਦੀਪ ਸਿੰਘ | ਰਣਬੀਰ ਸਿੰਘ | ਅਮਰੀਕ ਸਿੰਘ ਗੁਰਾਇਆ | ਪੁਖਰਾਜ ਸਿੰਘ ਧਾਲੀਵਾਲ | ਮਨਦੀਪ ਸਿੰਘ | ਰਜਿੰਦਰ ਸਿੰਘ ਬਾਸੀ

# ਸਿੱਖ ਸੰਗਤ ਬੇ ਏਰੀਆ

ੴ ਸਤਿਗੁਰ ਪ੍ਰਸਾਦਿ

# ਸਿੱਖ ਗੁਰਦੁਆਰਾ ਸੈਨ ਹੋਜ਼ੇ

## ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੀਆਂ ਪ੍ਰਾਪਤੀਆਂ ਅਤੇ ਚੋਣ ਮੈਨੀਫੈਸਟੋ 2025

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥**

ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਸਤਿਕਾਰ ਯੋਗ ਮੈਂਬਰ ਸਹਿਬਾਨ,
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

*ਸਿੱਖ ਗੁਰਦੁਆਰਾ ਸੈਨ ਹੋਜ਼ੇ ਬੇ ਏਰੀਆ ਅਤੇ ਇਸ ਤੋਂ ਬਾਹਰ ਵੀ ਸਿੱਖ ਭਾਈਚਾਰੇ ਲਈ ਇੱਕ ਜੀਵੰਤ ਧਾਰਮਿਕ, ਵਿਦਿਅਕ ਅਤੇ ਸੱਭਿਆਚਾਰਕ ਕੇਂਦਰ ਵਜੋਂ ਕੰਮ ਕਰ ਰਿਹਾ ਹੈ। ਸਾਡਾ ਮਿਸ਼ਨ "ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦੁਆਰਾ ਸਿੱਖ ਭਾਈਚਾਰੇ ਨੂੰ ਪ੍ਰੇਰਿਤ ਅਤੇ ਉੱਚਾ ਚੁੱਕਣਾ; ਸਰਬੱਤ ਦਾ ਭਲਾ ਦੀ ਭਾਵਨਾ ਵਿੱਚ ਸਾਰਿਆਂ ਲਈ ਧਾਰਮਿਕ, ਵਿਦਿਅਕ, ਸੱਭਿਆਚਾਰਕ ਅਤੇ ਸਮਾਜਿਕ ਚੜ੍ਹਦੀਕਲਾ ਨੂੰ ਉਤਸ਼ਾਹਿਤ ਕਰਦੇ ਹੋਏ ਸੱਚ, ਸੇਵਾ, ਏਕਤਾ ਅਤੇ ਨਿਆਂ ਨੂੰ ਕਾਇਮ ਰੱਖਣਾ" ਹੈ।*

ਪਿਛਲੇ ਸਮੇਂ ਦੌਰਾਨ, ਤੁਹਾਡੀ ਮੌਜੂਦਾ ਕਮੇਟੀ ਨੇ ਉਪਰੋਕਤ ਮਿਸ਼ਨ ਨੂੰ ਬਰਕਰਾਰ ਰੱਖਣ ਅਤੇ ਇਸ ਰਾਹੀਂ ਸਾਡੇ ਗੁਰਦੁਆਰਾ ਸਾਹਿਬ ਅਤੇ ਸੰਗਤ ਦੀ ਚੜ੍ਹਦੀਕਲਾ ਲਈ ਪੂਰੀ ਲਗਨ ਨਾਲ ਕੰਮ ਕੀਤਾ ਹੈ। ਅਸੀਂ ਧਾਰਮਿਕ, ਸਮਾਜਿਕ, ਵਿਦਿਅਕ, ਸਿਹਤ ਅਤੇ ਪ੍ਰਵਾਰ-ਕੇਂਦ੍ਰਿਤ ਪ੍ਰੋਗਰਾਮਾਂ ਰਾਹੀਂ ਸੰਗਤ ਦੀ ਸੇਵਾ ਕੀਤੀ ਹੈ। ਅਸੀਂ ਸੰਗਤ ਦਾ ਉਨ੍ਹਾਂ ਦੇ ਅਟੁੱਟ ਸਮਰਥਨ ਲਈ ਧੰਨਵਾਦ ਕਰਦੇ ਹਾਂ ਅਤੇ ਹੁਣ 12 ਅਕਤੂਬਰ, 2025 ਨੂੰ ਹੋਣ ਵਾਲੀਆਂ ਗੁਰਦੁਆਰਾ ਕਮੇਟੀ ਚੋਣਾਂ ਵਿੱਚ ਨਿਮਰਤਾ ਨਾਲ ਤੁਹਾਡੀ ਵੋਟ ਮੰਗਦੇ ਹਾਂ।

## ਸਾਡੀਆਂ ਪ੍ਰਾਪਤੀਆਂ

**ਕੋਵਿਡ-19 ਲਈ ਸਾਡੀਆਂ ਕਿਰਿਆਵਾਂ ਅਤੇ ਦਿਲੀ, ਪੰਜਾਬ ਦੀ ਸਹਾਇਤਾ ਵੀ:**

- ਕੋਵਿਡ-19 ਦੇ ਚੁਣੌਤੀਪੂਰਨ ਸਮੇਂ ਦੌਰਾਨ, ਸਾਡੀ ਸੰਗਤ ਗੁਰਬਾਣੀ ਅਤੇ ਕੀਰਤਨ ਪ੍ਰੋਗਰਾਮਾਂ ਦੇ ਘਰ ਵਿੱਚ ਔਨਲਾਈਨ ਰੀਲੇਅ ਦੇ ਕਾਰਨ ਚੜ੍ਹਦੀਕਲਾ ਵਿੱਚ ਰਹੀ। ਕੀਰਤਨ ਪ੍ਰੋਗਰਾਮਾਂ ਨੂੰ ਸਾਰੇ ਦਿਨ ਵਾਸਤੇ ਵਧਾਇਆ ਗਿਆ।
- ਗੁਰੂ ਨਾਨਕ ਖਾਲਸਾ ਸਕੂਲ ਨੇ ਔਨਲਾਈਨ ਕਲਾਸਾਂ ਜਾਰੀ ਰੱਖੀਆਂ, ਅਤੇ ਘਰ ਬੈਠੇ ਬੱਚਿਆਂ ਨੂੰ ਰੁੱਝੇ ਰੱਖਿਆ।
- ਗੁਰਦੁਆਰਾ ਸਾਹਿਬ ਨੇ ਸੰਗਤ ਅਤੇ ਆਲੇ ਦੁਆਲੇ ਦੇ ਭਾਈਚਾਰੇ ,ਦੋਵਾਂ ਲਈ ਟੀਕਾਕਰਨ ਕਲੀਨਿਕਾਂ ਦੀ ਸਹੂਲਤ ਦਿੱਤੀ।
- ਪਰਿਵਾਰਾਂ ਨੂੰ ਸਰਕਾਰੀ ਵਿੱਤੀ ਸਹਾਇਤਾ ਲਈ ਅਰਜ਼ੀ ਦੇਣ ਵਿੱਚ ਮਦਦ ਦਿੱਤੀ।
- ਹਸਪਤਾਲਾਂ ਵਿੱਚ ਫਰੰਟ ਲਾਈਨ ਵਰਕਰਾਂ ਨੂੰ ਭੋਜਨ ਵੰਡਿਆ ਗਿਆ। ਬੇਘਰਾਂ ਨੂੰ ਵੰਡਣ ਲਈ ਪੁਲਿਸ ਨੂੰ ਵੀ ਪ੍ਰਦਾਨ ਕੀਤਾ ਗਿਅ
- ਲੋੜਵੰਦ ਬਜ਼ੁਰਗਾਂ ਦੇ ਘਰਾਂ ਤੱਕ ਕਰਿਆਨੇ ਦਾ ਸਮਾਨ ਪਹੁੰਚਾਇਆ ਗਿਆ ਅਤੇ ਗੁਰਦੁਆਰਾ ਸਾਹਿਬ ਵਿਖੇ ਵੀ ਲੋੜਵੰਦਾਂ ਨੂੰ ਵੰਡਿਆ ਗਿਆ।
- ਪ੍ਰਬੰਧਕ ਕਮੇਟੀ ਨੇ ਅਮਰੀਕੀ ਸਰਹੱਦਾਂ ਤੋਂ ਪਾਰ ਜਾ ਕੇ ਦਿੱਲੀ ਅਤੇ ਅੰਮ੍ਰਿਤਸਰ ਵਿੱਚ ਡੀਜੀਪੀਸੀ ਅਤੇ ਐਸਜੀਪੀਸੀ ਦੁਆਰਾ ਚਲਾਏ ਜਾ ਰਹੇ ਹਸਪਤਾਲਾਂ ਨੂੰ ਵੈਂਟੀਲੇਟਰ ਭੇਜੇ।

**ਸੰਗਤ ਦਾ ਵਿੱਤੀ ਸੇਵਾ ਲਈ ਅਤੇ ਸਟਾਫ ਦਾ ਅਣਥਕ ਸੇਵਾ ਲਈ ਵਿਸ਼ੇਸ਼ ਧੰਨਵਾਦ ਹੈ।**

**ਕੀਰਤਨ, ਗੁਰਮਤਿ ਅਤੇ ਗੁਰਬਾਣੀ ਪ੍ਰੋਗਰਾਮ :**

- **ਉੱਚ ਯੋਗਤਾ ਪ੍ਰਾਪਤ ਧਾਰਮਿਕ ਸਟਾਫ:** ਸਿੱਖ ਗੁਰਦੁਆਰਾ ਸੈਨ ਹੋਜ਼ੇ ਵਿੱਚ ਉੱਚ ਯੋਗਤਾ ਵਾਲੇ ਸੱਤ ਹਜ਼ੂਰੀ ਰਾਗੀ ਜੱਥੇ ਅਤੇ ਇੱਕ ਕਥਾਕਾਰ ਹਨ, ਜੋ ਸਾਲ ਭਰ ਉੱਚ ਗੁਣਵੱਤਾ ਵਾਲੇ ਕੀਰਤਨ ਅਤੇ ਕਥਾ ਪ੍ਰਦਾਨ ਕਰਦੇ ਹਨ। ਪ੍ਰੋਗਰਾਮਾਂ ਨੂੰ ਗੁਰਦੁਆਰਾ ਐਪ, ਯੂਟਿਊਬ ਅਤੇ ਫੇਸਬੁੱਕ ਰਾਹੀਂ ਦੁਨੀਆ ਭਰ ਵਿੱਚ ਪ੍ਰਸਾਰਿਤ ਕੀਤਾ ਜਾਂਦਾ ਹੈ।ਸਮੇਂ ਸਮੇਂ ਸਿਰ ਬਾਹਰੋਂ ਭੀ ਪ੍ਰਸਿਧ ਰਾਗੀ ਜੱਥੇ ਅਤੇ ਕਥਾਕਾਰ ਗੁਰਦਵਾਰਾ ਸਾਹਿਬ ਵਿਚ ਪ੍ਰੋਗਰਾਮਾਂ ਰਾਹੀਂ ਸੰਗਤਾ ਨੂੰ ਨਿਹਾਲ ਕਰਦੇ ਹਨ।
- **31-ਰਾਗ ਕੀਰਤਨ ਪ੍ਰੋਗਰਾਮ:** ਇੱਕ ਵਿਸ਼ਵਵਿਆਪੀ ਸਮਾਗਮ ਜੋ ਹਰ ਸਾਲ 3 ਦਿਨਾਂ ਲਈ ਹੁੰਦਾ ਹੈ, ਜਿਸ ਵਿੱਚ ਪ੍ਰਸਿੱਧ ਕੀਰਤਨ ਜੱਥੇ ਸ਼ਾਮਲ ਹੁੰਦੇ ਹਨ। ਦੁਨੀਆ ਭਰ ਦੀਆਂ ਸੰਗਤਾਂ ਲਾਈਵ ਸ਼ਾਮਲ ਹੁੰਦੀਆਂ ਹਨ।
- **ਮਹੱਤਵਪੂਰਨ ਗੁਰਪੁਰਬ ਸਮਾਰੋਹ:** ਅਸੀਂ ਸਾਰੇ ਗੁਰਪੁਰਬ ਅਤੇ ਹੋਲਾ ਮਹੱਲਾ, ਵੇਸਾਖੀ, ਬੰਦੀ ਛੋੜ ਦਿਵਸ, ਸ਼ਹੀਦੀ ਹਫ਼ਤਾ ਅਤੇ ਨਵੇਂ ਸਾਲ ਵਿਚ ਚੜ੍ਹਦੀਕਲਾ ਦੀ ਅਰਦਾਸ ਵਾਸਤੇ ਖਾਸ ਸਮਾਗਮਾਂ ਦਾ ਪ੍ਰਬੰਧ ਕਰਦੇ ਹਾਂ। ਅਮਰੀਕਾ ਦੇ ਗੁਰਦੁਆਰਿਆਂ ਵਿੱਚ ਹੋਲਾ ਮਹੱਲਾ ਮਨਾਉਣਾ ਸਾਡੀ ਵਿਲੱਖਣਤਾ ਹੈ।
- **ਗੁਰਬਾਣੀ ਸੰਥਿਆ:** ਸੰਗਤ ਨੂੰ ਗੁਰਬਾਣੀ ਦਾ ਸਹੀ ਉਚਾਰਨ ਅਤੇ ਸਮਝ ਸਿਖਾਉਣ ਵਾਲੀ ਇੱਕ ਪਹਿਲ।
- **ਦੁਨੀਆ ਦੀ ਸ਼ਾਂਤੀ ਲਈ ਸਹਿਜ ਪਾਠ:** 120 ਤੋਂ ਵੱਧ ਪਰਿਵਾਰ ਐਪ ਰਾਹੀਂ ਘਰ-ਤੋਂ ਹੀ ਸਹਿਜ ਪਾਠਾਂ ਵਿੱਚ ਹਿੱਸਾ ਲੈਂਦੇ ਹਨ, ਜਿਸ ਤੋਂ ਬਾਅਦ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕੀਤੀ ਜਾਂਦੀ ਹੈ।
- **ਗੁਰਬਾਣੀ ਡਿਸਪਲੇ ਤਕਨਾਲੋਜੀ:** ਭਾਰਤ ਵਿੱਚ ਇੱਕ ਵਿਦਿਆਰਥੀਆਂ ਦੀ ਅਗਵਾਈ ਵਾਲੀ ਟੀਮ ਸਾਡੇ ਗੁਰਦੁਆਰੇ ਅਤੇ ਦੋ ਹੋਰ ਗੁਰਦੁਆਰਿਆਂ ਵਿੱਚ ਕੀਰਤਨ ਦੌਰਾਨ ਲਾਈਵ ਗੁਰਬਾਣੀ ਡਿਸਪਲੇ ਪ੍ਰਦਾਨ ਕਰਦੀ ਹੈ। ਹੋਰ ਗੁਰਦੁਆਰੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋ ਰਹੇ ਹਨ।
- **ਵਿਆਹ ਲਈ ਰਜਿਸਟਰ ਕੀਤੇ ਜੋੜਿਆਂ ਦੀ ਕਾਉਂਸਲਿੰਗ:** ਪਹਿਲਾ ਗੁਰਦੁਆਰਾ ਹੈ, ਜਿਸ ਵਿਚ ਸਿੱਖ ਵਿਆਹ ਦੀ ਕਾਉਂਸਲਿੰਗ ਦਾ ਪ੍ਰਬੰਧ ਕੀਤਾ ਗਿਆ ਹੈ।

### ਨੋਜਵਾਨ ਸੰਲੱਗਨ ਅਤੇ ਵਿਕਾਸ :

- **ਸ਼੍ਰੀ ਹੇਮਕੁੰਟ ਫਾਊਂਡੇਸ਼ਨ ਇੰਟਰਨੈਸ਼ਨਲ ਸਿੱਖ ਯੂਥ ਸਿੰਪੋਜ਼ੀਅਮ ਅਤੇ ਕੀਰਤਨ ਦਰਬਾਰ 2024:** ਪੂਰੇ ਅਮਰੀਕਾ ਅਤੇ ਇੰਗਲੈਂਡ ਤੋਂ 600 ਤੋਂ ਵੱਧ ਮਹਿਮਾਨਾਂ ਨੇ ਹਿੱਸਾ ਲਿਆ। ਪ੍ਰੋਗਰਾਮ ਵਿੱਚ ਬੱਚਿਆਂ ਰਾਹੀਂ ਵਧੀਆ ਭਾਸ਼ਣ ਅਤੇ ਰੂਹਾਨੀ ਕੀਰਤਨ ਸ਼ਾਮਲ ਸਨ। ਪ੍ਰੋਗਰਾਮ ਨੂੰ ਸੋਹਣੇ ਪ੍ਰਬੰਧ ਅਤੇ ਵਧੀਆ ਮਹਿਮਾਨ ਨਿਵਾਜ਼ੀ ਲਈ ਪ੍ਰਸ਼ੰਸਾ ਮਿਲੀ।
- **ਜੌਹਰ-ਏ-ਤੇਗ ਗੱਤਕਾ ਮੁਕਾਬਲਾ**: ਕੈਲੀਫੋਰਨੀਆ ਭਰ ਦੇ ਗੁਰਦੁਆਰਿਆਂ ਦੇ ਨੌਜਵਾਨਾਂ ਨੇ ਹਿੱਸਾ ਲਿਆ। ਨੌਜਵਾਨਾਂ ਨੇ ਰਵਾਇਤੀ ਮਾਰਸ਼ਲ ਆਰਟ ਦੀ ਸਿੱਖ ਵਿਰਾਸਤ ਨੂੰ ਉਜਾਗਰ ਕਰਦੇ ਹੋਏ ਉੱਚ ਪੱਧਰੀ ਹੁਨਰ, ਅਨੁਸ਼ਾਸਨ ਅਤੇ ਬਹਾਦਰੀ ਦਾ ਪ੍ਰਦਰਸ਼ਨ ਕੀਤਾ। ਹਫਤਾਵਾਰੀ ਗਤੱਕਾ ਕਲਾਸਾਂ ਜਾਰੀ ਹਨ।
- **ਵਾਲੀਬਾਲ ਅਤੇ ਬਾਸਕਟਬਾਲ ਕੋਰਟ ਦਾ ਨਿਰਮਾਣ ਕੀਤਾ:** ਸਾਡੀਆਂ ਵਧੀਆ ਸਿਖਲਾਈ ਪ੍ਰਾਪਤ ਬਾਸਕਟਬਾਲ ਟੀਮਾਂ ਹੁਣ ਕੈਲੀਫੋਰਨੀਆ ਭਰ ਵਿੱਚ ਟੂਰਨਾਮੈਂਟਾਂ ਵਿੱਚ ਹਿੱਸਾ ਲੈਂਦੀਆਂ ਹਨ। ਖੇਡ ਕੈਂਪਾ ਦਾ ਹੁਣ ਕਈ ਵਾਰੀ ਪ੍ਰਬੰਧ ਕੀਤਾ ਜਾਂਦਾ ਹੈ।
- **ਕਾਲਜ ਵਜ਼ੀਫਾ ਪ੍ਰੋਗਰਾਮ:** ਯੋਗ ਵਿਦਿਆਰਥੀਆਂ ਲਈ 2020 ਤੋਂ ਵਜ਼ੀਫਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਹੁਣ ਤੱਕ 12 ਤੋਂ ਵੱਧ ਵਜ਼ੀਫੇ ਦਿਤੇ ਗਏ ਹਨ।ਪੰਜ ਵਿਦਿਆਰਥੀਆਂ ਪੜ੍ਹਾਈ ਪੂਰੀ ਕਰਕੇ ਸਿੱਖੀ ਸਰੂਪ ਨਾਲ ਆਪਣੇ ਪੇਸ਼ਿਆਂ ਵਿੱਚ ਕੰਮ ਕਰ ਰਹੇ ਹਨ।
- **ਕਾਲਜ ਤਿਆਰੀ ਪ੍ਰੋਗਰਾਮ**: ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਕਾਲਜ ਦਾਖਲੇ ਲਈ ਤਿਆਰ ਕਰਨ ਲਈ ਇੱਕ ਕਾਲਜ ਤਿਆਰੀ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਵਿਚ ਅੰਗਰੇਜ਼ੀ, ਗਣਿਤ, ਵਿਗਿਆਨ ਅਤੇ ਕੰਪਿਊਟਰ ਪ੍ਰੋਗਰਾਮਿੰਗ ਵਿੱਚ ਟਿਊਸ਼ਨ ਦਾ ਪ੍ਰਬੰਧ ਹੈ। ਵਿੱਤੀ ਸਹਾਇਤਾ ਅਤੇ ਕਾਲਜ ਅਰਜ਼ੀ ਲਈ ਮਦਦ ਦੇਣ ਵਾਸਤੇ ਪ੍ਰਬੰਧ ਕੀਤੇ ਜਾ ਰਹੇ ਹਨ।

### ਬਜ਼ੁਰਗਾਂ ਦੀ ਤੰਦਰੁਸਤੀ:

- ਨਾਮ ਸਿਮਰਨ, ਸਮਾਜਿਕ ਗੱਲਬਾਤ/ਮਿਲਾਪ ਅਤੇ ਤੰਦਰੁਸਤੀ ਕਿਰਿਆਵਾਂ ਵਾਲਾ ਇੱਕ ਪ੍ਰੋਗਰਾਮ ਵਡੀ ਉਮਰ ਵਾਲਿਆਂ ਲਈ ਸ਼ੁਰੂ ਕੀਤਾ ਗਿਆ ਹੈ।

### ਸਿੱਖੀ ਸਿੱਖਿਆ ਅਤੇ ਸਿੱਖ ਪਛਾਣ:

- **ਗੁਰੂ ਨਾਨਕ ਖਾਲਸਾ ਸਕੂਲ (GNKS)** ਰਾਹੀਂ ਊੜਾ ਤੋਂ ਜੂੜਾ ਤੱਕ ਸਿੱਖ ਜੀਵਨ ਢੰਗ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਬੱਚੇ ਸਾਢੇ ਤਿੰਨ ਸਾਲ ਦੀ ਉਮਰ ਵਿੱਚ ਸ਼ਾਮਲ ਹੁੰਦੇ ਹਨ ਅਤੇ ਗੁਰਮਤਿ, ਸਿੱਖ ਇਤਿਹਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗੁਰਬਾਣੀ ਪੜ੍ਹਨਾ ਸਿੱਖਣ ਤੋਂ ਬਾਅਦ ਗ੍ਰੈਜੂਏਟ ਹੁੰਦੇ ਹਨ। ਪਿਛਲੇ ਸਾਲ 550 ਤੋਂ ਵੱਧ ਵਿਦਿਆਰਥੀਆਂ ਨੇ ਦਾਖਲਾ ਲਿਆ ਸੀ। ਸਕੂਲ ਨੇ 2025 ਵਿੱਚ 36 ਸਾਲ ਪੂਰੇ ਕੀਤੇ।
- **ਨੌਜਵਾਨਾਂ ਲਈ ਕੀਰਤਨ ਸਿਖਲਾਈ**: ਪਿਛਲੇ ਸਾਲ ਗੁਰੂ ਨਾਨਕ ਖਾਲਸਾ ਸਕੂਲ ਵਿਖੇ ਕੀਰਤਨ ਪ੍ਰੋਗਰਾਮ ਵਿੱਚ ਲਗਭਗ 150 ਵਿਦਿਆਰਥੀਆਂ ਨੇ ਦਾਖਲਾ ਲਿਆ ਸੀ। ਦਸ ਉੱਚ ਸਿਖਲਾਈ ਪ੍ਰਾਪਤ ਅਧਿਆਪਕ ਗੁਰਬਾਣੀ ਗਾਉਣ ਅਤੇ ਸੰਗੀਤਕ ਸਾਜ਼ ਵਜਾਉਣ ਦੀ ਕਲਾ ਵਿੱਚ ਸਿੱਖਿਆ ਪ੍ਰਦਾਨ ਕਰਦੇ ਹਨ। ਇਹ ਵਿਦਿਆਰਥੀ ਗੁਰਦੁਆਰਾ ਦੀਵਾਨਾਂ ਵਿੱਚ ਨਿਯਮਿਤ ਤੌਰ 'ਤੇ ਕੀਰਤਨ ਕਰਦੇ ਹਨ। ਵਿਦਿਆਰਥੀ 12 ਤੋਂ ਵੱਧ ਰਾਗਾਂ ਵਿੱਚ ਕੀਰਤਨ ਕਰਨਾ ਸਿੱਖਣ ਤੋਂ ਬਾਅਦ ਗ੍ਰੈਜੂਏਟ ਹੁੰਦੇ ਹਨ। ਸਿੱਖ ਵਿਰਾਸਤ ਤੰਤੀ ਸਾਜ਼ ਵਜਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।
- **ਸਿੱਖ ਵਿਰਾਸਤ ਸਿੰਫਨੀ (SHS):** GNKS ਦੇ ਸਾਡੇ SHS ਵਿਦਿਆਰਥੀਆਂ ਨੇ ਕਾਰਨੇਗੀ ਹਾਲ ਵਿੱਚ ਪ੍ਰਦਰਸ਼ਨ ਕੀਤਾ ਹੈ, ਜੋ ਕਿ ਇੱਕ ਵਿਸ਼ਵ ਪੱਧਰ 'ਤੇ ਪ੍ਰਸਿੱਧ ਸਥਾਨ ਹੈ। SHS ਜੋ ਕਿ ਗੈਰ-ਸਿੱਖਾਂ ਨੂੰ ਸਿੱਖ ਸੰਗੀਤ ਅਤੇ ਕਦਰਾਂ-ਕੀਮਤਾਂ ਦਾ ਪ੍ਰਚਾਰ ਕਰਦਾ ਹੈ। ਉਹ ਹੁਣੇ ਹੀ ਭਾਰਤ ਦੇ ਕਈ ਇਤਿਹਾਸਕ ਗੁਰਦੁਆਰਿਆਂ ਵਿੱਚ ਕੀਰਤਨ ਕਰਨ ਤੋਂ ਬਾਅਦ ਵਾਪਸ ਆਏ ਹਨ।
- **ਗੁਰਮਤਿ ਕੈਂਪ**: ਛੁੱਟੀਆਂ ਦੇ ਸਮੇਂ ਦੌਰਾਨ ਬੱਚਿਆਂ ਨੂੰ ਗੁਰਬਾਣੀ, ਕੀਰਤਨ ਅਤੇ ਸਿੱਖ ਇਤਿਹਾਸ ਨਾਲ ਜੋੜਨ ਲਈ ਸਾਲ ਵਿੱਚ ਦੋ ਵਾਰ ਗੁਰਮਤਿ ਕੈਂਪ ਲਗਾਏ ਜਾਂਦੇ ਹਨ।
- ਅਸੀਂ ਮਾਣ ਨਾਲ **ਸੈਨ ਹੋਜ਼ੇ ਸ਼ਾਰਕਸ, ਸੈਨ ਹੋਜ਼ੇ ਅਰਥਕੁਏਕਸ, ਸੈਨ ਹੋਜ਼ੇ ਜਾਇੰਟਸ ਅਤੇ ਗੋਲਡਨ ਸਟੇਟ ਵਾਰੀਅਰਜ਼** ਦੀਆਂ ਖੇਡਾਂ ਵਿਚ ਸ਼ਾਮਲ ਹੋਕੇ **ਸਿੱਖ ਵਿਰਾਸਤ ਅਤੇ ਪਛਾਣ ਦਰਸਾਉਂਦੇ ਹਾਂ**, ਤਾਂ ਜੋ ਦੂਜੇ ਦਰਸ਼ਕਾਂ ਵਿੱਚ ਸਿੱਖ ਧਰਮ ਬਾਰੇ ਜਾਗਰੂਕਤਾ ਫੈਲ ਸਕੇ।
- ਹਰ ਉਮਰ ਦੇ ਬੱਚਿਆਂ ਲਈ **ਹਫ਼ਤਾਵਾਰੀ ਦਸਤਾਰ ਬੰਨ੍ਹਣ ਦਾ ਪ੍ਰੋਗਰਾਮ** ਬਹੁਤ ਸੋਹਣਾ ਚਲ ਰਿਹਾ ਹੈ । ਛੋਟੇ ਬੱਚਿਆਂ ਵਿਚ ਬਹੁਤ ਉਤਸ਼ਾਹ ਹੈ।

### ਸਿਹਤ ਅਤੇ ਤੰਦਰੁਸਤੀ

- **ਗੁਰੂ ਨਾਨਕ ਮੁਫ਼ਤ ਮੈਡੀਕਲ ਸੈਂਟਰ**: ਇਥੇ ਲਾਇਸੰਸ ਵਾਲੇ ਡਾਕਟਰਾਂ ਦੁਆਰਾ ਇਨਸ਼ੋਅਰੈਂਸ ਰਹਿਤ ਵਿਅਕਤੀਆਂ ਦੀ ਡਾਕਟਰੀ ਦੇਖਭਾਲ ਕੀਤੀ ਜਾਂਦੀ ਹੈ।
- **ਗੁਰਦੁਆਰਾ ਸਾਹਿਬ ਦੇ ਨੁਮਾਇੰਦੇ** ਵਜੋਂ ਸਾਡੇ ਸੇਵਾਦਾਰ ਹੋਮਲੈਸ ਲਈ ਭੋਜਨ ਮੁਹਿੰਮ, ਖ਼ੂਨਦਾਨ ਅਤੇ ਹੋਰ ਆਊਟਰੀਚ ਪ੍ਰੋਗਰਾਮ ਕਰਦੇ ਹਨ।

### ਲਿੰਗ ਸਮਾਨਤਾ

- **ਲਿੰਗ ਸਮਾਨਤਾ ਲਈ ਲੋਹੜੀ ਪ੍ਰੋਗਰਾਮ:** ਹਰ ਸਾਲ 70 ਤੋਂ ਵੱਧ ਪਰਿਵਾਰ ਲੋਹੜੀ ਵਾਲੇ ਦਿਨ ਨਵਜੰਮੇ ਲੜਕੇ ਅਤੇ ਲੜਕੀਆਂ ਨੂੰ ਗੁਰਦੁਆਰਾ ਸਾਹਿਬ ਲਿਆਉਂਦੇ ਹਨ। ਉਹਨਾਂ ਨੂੰ ਅਰਦਾਸ ਰਾਹੀਂ ਗੁਰੂਘਰ ਤੋਂ ਆਸ਼ੀਰਵਾਦ ਅਤੇ ਹੋਰ ਤੋਹਫ਼ੇ ਵੀ ਦਿੱਤੇ ਜਾਂਦੇ ਹਨ।
- **ਬੀਬੀਆਂ ਦਾ ਕੀਰਤਨ** ਪ੍ਰੋਗਰਾਮ, ਬੀਬੀਆਂ ਲਈ ਵਿਦਿਆ ਅਤੇ ਲੀਡਰਸ਼ਿਪ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ।

### ਸੁਰੱਖਿਆ ਅਤੇ ਨਾਗਰਿਕ ਸ਼ਮੂਲੀਅਤ

- **ਸੁਰੱਖਿਆ ਨੂੰ ਯਕੀਨੀ ਬਣਾਉਣ** ਅਤੇ ਪਾਰਕਿੰਗ ਵਿੱਚ ਸਹਾਇਤਾ ਲਈ ਇੱਕ ਸਿਖਲਾਈ ਪ੍ਰਾਪਤ ਸਵੈ-ਸੇਵਕ ਸੁਰੱਖਿਆ ਟੀਮ ਦੀ ਸਥਾਪਨਾ ਕੀਤੀ ਗਈ ਹੈ।
- **ਸਥਾਨਕ ਅਤੇ ਜ਼ਿਲ੍ਹਾ-ਪੱਧਰੀ ਨੀਤੀ ਵਕਾਲਤ**: ਸਿੱਖ ਕਦਰਾਂ-ਕੀਮਤਾਂ ਅਤੇ ਭਾਈਚਾਰਕ ਹਿੱਤਾਂ ਦੀ ਨੁਮਾਇੰਦਗੀ ਜ਼ਰੂਰਤ ਅਨੁਸਾਰ ਕੀਤੀ ਜਾਂਦੀ ਹੈ।

### ਵਧੀਆ ਵਿੱਤੀ ਪ੍ਰਬੰਧ:

**ਵਧੇਰੇ ਪ੍ਰੋਗਰਾਮਾਂ, ਖਰਚਿਆਂ ਅਤੇ ਕੋਵਿਡ ਸਬੰਧੀ ਘਾਟਿਆਂ ਦੇ ਬਾਵਜੂਦ, ਗੁਰਦਵਾਰਾ ਸਾਹਿਬ ਕੋਲ ਵਿੱਤੀ ਰਿਜ਼ਰਵ ਵਜੋਂ $3 ਮਿਲੀਅਨ ਨਕਦ ਜਾਂ ਨਕਦ ਰੂਪ ਵਰਗੇ ਸਟਾਕਸ ਆਦਿ ਹਨ। ਸਿਰਫ ਸਾਡਾ ਗੁਰਦਵਾਰਾ ਹੈ ਜਿਸਨੇ ਪਿਛਲੇ 20 ਸਾਲਾਂ ਦੇ ਆਡਿਟ ਕੀਤੇ ਵਿੱਤੀ ਵੇਰਵੇ ਔਨਲਾਈਨ ਪੋਸਟ ਕੀਤੇ ਹਨ।**

https://sanjosegurdwara.org/financials.html

# ਭਵਿੱਖ ਲਈ ਸਾਡਾ ਦ੍ਰਿਸ਼ਟੀਕੋਣ/ਮੈਨੀਫੈਸਟੋ

**ਅਸੀਂ ਇੱਕ ਪਰਿਵਾਰ, ਇੱਕ ਸੰਗਤ ਰੂਪ ਵਿੱਚ ਸਰਬੱਤ ਦੇ ਭਲੇ ਲਈ ਕੰਮ ਕਰਣ ਦਾ ਵਾਅਦਾ ਕਰਦੇ ਹਾਂ ।**

### ਧਾਰਮਿਕ ਅਤੇ ਸੱਭਿਆਚਾਰਕ ਪਹਿਲਕਦਮੀਆਂ

- ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਗੁਰਪੁਰਬ ਅਤੇ ਹੋਰ ਮਹੱਤਵਪੂਰਨ ਗੁਰਪੁਰਬਾਂ ਨੂੰ ਮਨਾਵਾਂਗੇ ਅਤੇ ਇਹ ਸਮਾਗਮ ਹੋਰ ਗੁਰਦੁਆਰਿਆਂ ਨਾਲ ਮਿਲ ਕੇ ਕਰਵਾਉਣ ਦੀ ਕੋਸ਼ਿਸ਼ ਕਰਾਂਗੇ।
- ਉੱਤਰੀ ਅਤੇ ਦੱਖਣੀ ਹਾਲਾਂ 'ਤੇ ਦੂਜੀ ਮੰਜ਼ਿਲਾਂ ਬਣਾ ਕੇ ਵਿਆਹਾਂ ਅਤੇ ਹੋਰ ਧਾਰਮਿਕ ਸਮਾਗਮਾਂ ਲਈ ਥਾਂ ਵਧਾਵਾਂਗੇ। ਇਹ ਗੁਰੂ ਨਾਨਕ ਖਾਲਸਾ ਸਕੂਲ ਦੀਆਂ ਕਲਾਸਾਂ ਲਈ ਵੀ ਵਰਤੀ ਜਾ ਸਕੇਗੀ।
- ਸਿੱਖ ਮਿਊਜ਼ੀਅਮ ਪੂਰਾ ਕਰਾਂਗੇ, ਜਿਸ ਵਿਚ ਸਿੱਖ ਰਾਜ ਦੀ ਵਿਰਾਸਤ ਅਤੇ 1984 ਦੀ ਸ਼ਹੀਦੀ ਯਾਦਗਾਰ ਸ਼ਾਮਲ ਹੋਵੇਗੀ ।
- ਓਪਨ ਹਾਊਸ ਪ੍ਰੋਗਰਾਮ, ਜਿਸ ਰਾਹੀਂ ਗੈਰ-ਸਿੱਖਾਂ ਨੂੰ ਸਿੱਖ ਧਰਮ ਦੀ ਜਾਣਕਾਰੀ ਦਿੱਤੀ ਜਾਵੇਗੀ ਸ਼ੁਰੂ ਕਰਾਂਗੇ ।
- ਅੰਗਰੇਜ਼ੀ ਬੋਲਣ ਵਾਲੇ ਪ੍ਰਚਾਰਕਾਂ ਨੂੰ ਸੱਦਾਂਗੇ ਜਾਂ ਨੌਕਰੀ ਤੇ ਲਵਾਂਗੇ ਤਾਂ ਜੋ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਿਆ ਜਾ ਸਕੇ ।

### ਨੌਜਵਾਨ ਅਤੇ ਸਿੱਖਿਆ

- ਗੁਰੂ ਨਾਨਕ ਖਾਲਸਾ ਸਕੂਲ (GNKS): **ਗੈਰਜੂਏਸ਼ਨ ਤੋਂ ਬਾਅਦ**, ਉੱਚ ਪੱਧਰੀ ਕਲਾਸਾਂ ਸ਼ੁਰੂ ਕਰਾਂਗੇ ਤਾਂ ਜੋ ਵਿਦਿਆਰਥੀਆਂ ਦੀ ਗੁਰਬਾਣੀ ਪੜ੍ਹਨ, ਗੁਰਮਤਿ ਅਤੇ ਰਹਿਤ ਮਰਿਆਦਾ ਦੀ ਸਿੱਖਿਆ ਹੋਰ ਵੀ ਮਜ਼ਬੂਤ ਹੋ ਜਾਵੇ ।
- ਮਾਪਿਆਂ ਦੀ ਮਦਦ ਨਾਲ ਗੁਰੂ ਨਾਨਕ ਖਾਲਸਾ ਸਕੂਲ ਦੀਆਂ ਪੰਜਾਬੀ ਭਾਸ਼ਾ ਦੀਆਂ ਕਲਾਸਾਂ ਨੂੰ ਸਕੂਲਾਂ ਵਿਚ ਮਾਨਤਾ ਦਿਵਾਉਣ ਦੀ ਕੋਸ਼ਿਸ਼ ਕਰਾਂਗੇ।

### ਕਾਲਜ ਤਿਆਰੀ ਪ੍ਰੋਗਰਾਮ:

- ਅੰਗਰੇਜ਼ੀ, ਗਣਿਤ, ਕੁਦਰਤੀ ਅਤੇ ਕੰਪਿਊਟਰ ਵਿਗਿਆਨ ਵਿੱਚ ਟਿਊਸ਼ਨ ਪ੍ਰੋਗਰਾਮਾਂ ਦੀ ਅਗਵਾਈ ਵਾਸਤੇ ਮਾਨਤਾ ਪ੍ਰਾਪਤ ਹਾਈ ਸਕੂਲ ਅਧਿਆਪਕਾਂ ਜਾਂ ਵਲੰਟੀਅਰਾਂ ਨੂੰ ਸ਼ਾਮਲ ਕਰਾਂਗੇ ।
- ਕਾਲਜ ਕਾਊਂਸਲਿੰਗ ਪ੍ਰੋਗਰਾਮ ਨੂੰ ਮਜ਼ਬੂਤ ਕਰਾਂਗੇ ।
- ਨੌਜਵਾਨਾਂ ਲਈ ਰੋਬੋਟਿਕਸ ਲੈਬ ਬਣਾਵਾਂਗੇ, ਤਾਂ ਜੋ ਉਹ ਨਵੀਨਤਮ ਤਕਨਾਲੋਜੀ ਨਾਲ ਜੁੜੇ ਰਹਿਣ ।

**ਸਕਾਲਰਸ਼ਿਪ ਪ੍ਰੋਗਰਾਮ:** ਲੋੜਵੰਦ ਪਰਿਵਾਰਾਂ ਦੇ ਬੱਚਿਆਂ ਲਈ ਵਧੇਰੇ ਸਕਾਲਰਸ਼ਿਪਾਂ ਦਾ ਪ੍ਰਬੰਧ ਕਰਾਂਗੇ । ਸੰਗਤ ਨੂੰ ਸਕਾਲਰਸ਼ਿਪਾਂ ਸਪਾਂਸਰ ਕਰਨ ਲਈ ਉਤਸ਼ਾਹਿਤ ਕਰਾਂਗੇ।

**ਖੇਡਾਂ:** ਸਪੋਰਟਸ ਸੈਂਟਰ (ਬਾਸਕਟਬਾਲ ਕੋਰਟ, ਗੱਤਕਾ ਅਤੇ ਹੋਰ ਸਿਹਤ-ਕੇਂਦ੍ਰਿਤ ਸਹੂਲਤਾਂ) ਨੂੰ ਵਧਾਵਾਂਗੇ ।

**ਤੰਦਰੁਸਤੀ ਅਤੇ ਪਰਿਵਾਰਕ ਸਹਾਇਤਾ:** ਸੰਗਤ ਦੇ ਵੱਡੇ ਉਮਰ ਦੇ ਲੋਕਾਂ ਲਈ ਨਾਮ ਸਿਮਰਨ, ਕਸਰਤ, ਆਪਸੀ ਮਿਲਾਪ ਅਤੇ ਦੁਪਹਿਰ ਦੇ ਖਾਣੇ ਦੀ ਸਹੂਲਤ ਵਧਾਵਾਂਗੇ।

**ਪਰਿਵਾਰਕ ਤੰਦਰੁਸਤੀ ਪ੍ਰੋਗਰਾਮ:** ਬੱਚਿਆਂ ਦੇ ਪਾਲਣ-ਪੋਸ਼ਣ, ਵਿਆਹੁਤਾ ਸਬੰਧਾਂ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਰਗੇ ਪਰਿਵਾਰਕ ਮੁੱਦਿਆਂ ਲਈ ਮਾਹਿਰ ਸਲਾਹਕਾਰਾਂ ਦਾ ਪ੍ਰਬੰਧ ਕਰਾਂਗੇ। ਗੁਰਬਾਣੀ ਅਤੇ ਸਿੱਖ ਇਤਿਹਾਸ ਰਾਹੀਂ ਭੀ ਇਹਨਾਂ ਮੁੱਦਿਆਂ ਤੇ ਜਾਣਕਾਰੀ ਦਿੱਤੀ ਜਾਵੇਗੀ ।

**ਨਵੇਂ ਇਮੀਗ੍ਰੈਂਟ ਪਰਿਵਾਰਾਂ ਲਈ ਸਹਾਇਤਾ:** ਨਵੇਂ ਆਏ ਪਰਿਵਾਰਾਂ ਨੂੰ ਸਫ਼ਲਤਾ ਨਾਲ ਨਵੇਂ ਮਾਹੌਲ ਵਿਚ ਢਲਣ ਲਈ ਸਹਾਇਤਾ ਦਾ ਪ੍ਰਬੰਧ ਕਰਾਂਗੇ ।

**ਅੰਤਿਮ ਸੰਸਕਾਰ ਪ੍ਰਬੰਧ:** ਨੇੜਲੇ ਫਿਊਨਰਲ ਹੋਮਾਂ ਨਾਲ ਮਿਲਕੇ ਸਸਤੇ ਅੰਤਿਮ ਸੰਸਕਾਰਾਂ ਦਾ ਪ੍ਰਬੰਧ ਕਰਾਂਗੇ ।

### ਮੀਡੀਆ, ਤਕਨਾਲੋਜੀ ਅਤੇ ਪਹੁੰਚ

- ਸੋਸ਼ਲ ਮੀਡੀਆ: ਸਿੱਖ ਪ੍ਰਚਾਰ ਲਈ ਗੁਰਦੁਆਰਾ ਸੋਸ਼ਲ ਮੀਡੀਆ ਦੀ ਮੌਜੂਦਗੀ ਅਤੇ ਪਹੁੰਚ ਨੂੰ ਵਧਾਵਾਂਗੇ ।
- ਆਡੀਓ/ਵਿਜ਼ੂਅਲ ਸਟੂਡੀਓ: ਸਿੱਖੀ ਪ੍ਰਚਾਰ ਅਤੇ ਵਿਦਿਅਕ ਵੀਡੀਓ ਤਿਆਰ ਕਰਨ ਲਈ ਇੱਕ ਸਾਊਂਡਪਰੂਫ ਆਡੀਓ/ਵਿਜ਼ੂਅਲ ਸਟੂਡੀਓ ਬਣਾਵਾਂਗੇ ।

### ਭਾਈਚਾਰਕ ਅਤੇ ਨਾਗਰਿਕ ਭਾਗੀਦਾਰੀ:

- ਅਮਰੀਕੀ ਰਾਜਨੀਤਿਕ ਦਫਤਰਾਂ ਵਿੱਚ ਸਿੱਖਾਂ ਦੀ ਪ੍ਰਤੀਨਿਧਤਾ ਪ੍ਰਾਪਤ ਕਰਨ ਵਿੱਚ ਮਦਦ ਕਰਾਂਗੇ।
- ਸ਼ਹਿਰੀ, ਰਾਜ ਅਤੇ ਸੰਘੀ ਨੇਤਾਵਾਂ ਤੱਕ ਸਿੱਖ ਮੁੱਦਿਆਂ ਬਾਰੇ ਜਾਗਰੂਕਤਾ ਪਹੁੰਚਾਵਾਂਗੇ ।

### ਬੁਨਿਆਦੀ ਢਾਂਚਾ ਅਤੇ ਵਿਕਾਸ:

- ਲੰਗਰ ਰਸੋਈ ਨੂੰ ਅਪਗ੍ਰੇਡ ਕਰਕੇ ਆਧੁਨਿਕ ਬਣਾਵਾਂਗੇ ਅਤੇ ਭਾਰੀ ਭਾਂਡਿਆਂ ਅਤੇ ਗਰਮ ਤਰਲ ਪਦਾਰਥਾਂ ਨਾਲ ਕੰਮ ਕਰਣ ਲਈ ਮਸ਼ੀਨਾ ਦਾ ਪ੍ਰਬੰਧ ਕਰਾਂਗੇ ।
- ਭੀੜ-ਭੜੱਕੇ ਨੂੰ ਘਟਾਉਣ ਅਤੇ ਸਮੁੱਚੇ ਟ੍ਰੈਫਿਕ ਪ੍ਰਵਾਹ ਨੂੰ ਬੇਹਤਰ ਬਣਾਉਣ ਲਈ ਪਾਰਕਿੰਗ ਢਾਂਚੇ ਅਤੇ ਟ੍ਰੈਫਿਕ ਪ੍ਰਬੰਧ ਨੂੰ ਹੋਰ ਵਧੀਆ ਕਰਾਂਗੇ।
- ਇਲੈਕਟ੍ਰਿਕ ਕਾਰਾਂ ਲਈ ਚਾਰਜਿੰਗ ਸਟੇਸ਼ਨਾ ਦੀ ਗਿਣਤੀ ਵਧਾਵਾਂਗੇ ।
- ਬਿਜਲੀ ਦੀ ਭਰੋਸੇਯੋਗਤਾ ਵਧਾਉਣ ਲਈ ਸੋਲਰ ਸਿਸਟਮ ਨੂੰ ਅਪਗ੍ਰੇਡ ਕਰਕੇ, ਬੈਕਅੱਪ ਪਾਵਰ ਦਾ ਪ੍ਰਬੰਧ ਕਰਾਂਗੇ ।
- ਗੁਰਦੁਆਰਾ ਸਾਹਿਬ ਕੰਪਲੈਕਸ ਵਿੱਚ ਸੁਰੱਖਿਆ ਨੂੰ ਹੋਰ ਵੀ ਭਰੋਸੇਯੋਗ ਬਨਾਉਣ ਦਾ ਉਪਾਅ ਕਰਾਂਗੇ।
- ਗੁਰਦੁਆਰਾ ਸਹੂਲਤਾਂ ਦੀ ਨਿਯਮਤ ਦੇਖਭਾਲ ਲਈ ਇੱਕ ਸਮਾਂ-ਸਾਰਣੀ ਸਥਾਪਤ ਕਰਕੇ, ਉਸਨੂੰ ਲਾਗੂ ਕਰਾਂਗੇ ।


ਗੁਰਦਵਾਰਾ ਸਾਹਿਬ ਸੈਨ ਹੋਜ਼ੇ
Current Parbandhak Committee Slate Candidates
ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰ
ELECTION DATE October 12th, 2025 (Sunday)
Bhupindar S. Dhillon
ਭੁਪਿੰਦਰ (ਬੋਬ) ਸਿੰਘ ਢਿਲੋਂ
Dr. Gurinder Pal Singh
ਡਾ: ਗੁਰਿੰਦਰ ਪਾਲ ਸਿੰਘ
Pritam Singh Grewal
ਪ੍ਰੀਤਮ ਸਿੰਘ ਗਰੇਵਾਲ
Narinder Kaur Meharu
ਨਰਿੰਦਰ ਕੌਰ ਮਹੇੜੂ
Rajinder Singh Manger
ਰਾਜਿੰਦਰ ਸਿੰਘ ਮੰਗਰ
Surjit Singh Bains
ਸੁਰਜੀਤ ਸਿੰਘ ਬੈਂਸ
Sohan Singh Dhanota
ਸੋਹਨ ਸਿੰਘ ਧਨੋਟਾ
Sukhdev Singh Bainiwal
ਸੁਖਦੇਵ ਸਿੰਘ ਬੈਨੀਵਾਲ
Gurpreet Singh
ਗੁਰਪ੍ਰੀਤ ਸਿੰਘ
Harduman (Billa) S. Sanghera
ਹਰਦੁਮਨ (ਬਿੱਲਾ) ਸਿੰਘ ਸੰਗੇੜਾ
Sharanjit Kaur Bhandal
ਸਰਨਜੀਤ ਕੌਰ ਭੰਡਾਲ
Harparminder S. Powar
ਹਰਪ੍ਰਮਿੰਦਰ ਸਿੰਘ ਪੋਵਾਰ
Jorawar Singh
ਜੋਰਾਵਰ ਸਿੰਘ
Dr. Balbir Singh Bains
ਡਾ: ਬਲਬੀਰ ਸਿੰਘ ਬੈਂਸ
Kuldip Singh Shergill
ਕੁਲਦੀਪ ਸਿੰਘ ਸੇਰਗਿਲ
Gurpreet Singh Sethi
ਗੁਰਪ੍ਰੀਤ ਸਿੰਘ ਸੇਠੀ
Bahadur Singh Deol
ਬਹਾਦੁਰ ਸਿੰਘ ਦਿਉਲ
Pritpal Kaur
ਪ੍ਰਤਿਪਾਲ ਕੌਰ
Dr. Harjinder Singh Ladhar
ਡਾ: ਹਰਜਿੰਦਰ ਸਿੰਘ ਲੱਧੜ
Gurbux Singh Dhillon
ਗੁਰਬਖ਼ਸ਼ ਸਿੰਘ ਢਿਲੋਂ
Kirpal Singh Atwal
ਕਿਰਪਾਲ ਸਿੰਘ ਅਟਵਾਲ
ਸਾਧ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਇਹਨਾਂ ਉਮੀਦਵਾਰਾਂ ਨੂੰ
ਆਪਣਾ ਵੋਟ ਪਾਓ ਅਤੇ ਸੇਵਾ ਕਰਨ ਦਾ ਮੌਕਾ ਦਿਓ

# ਮਿਲਕਫੈੱਡ ਨੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਮੁਫ਼ਤ ਪਸ਼ੂ ਚਾਰਾ ਮੁਹੱਈਆ ਕਰਵਾਉਣ ਲਈ 50 ਕਰੋੜ ਦੀ ਐਨ.ਡੀ.ਡੀ.ਬੀ ਗ੍ਰਾਂਟ ਦੀ ਕੀਤੀ ਮੰਗ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਇੰਨ੍ਹੀਂ ਦਿਨੀਂ ਆਪਣੇ ਸਭ ਤੋਂ ਭਿਆਨਕ ਤੇ ਵਿਨਾਸ਼ਕਾਰੀ ਹੜ੍ਹਾਂ ਦੀ ਮਾਰ ਹੇਠ ਹੈ ਲਗਭਗ 1,900 ਪਿੰਡ ਪ੍ਰਭਾਵਿਤ ਹੋਏ ਹਨ ਅਤੇ ਲਗਭਗ 4 ਲੱਖ ਹੈਕਟੇਅਰ ਉਪਜਾਊ ਜ਼ਮੀਨ ਡੁੱਬ ਗਈ ਹੈ।ਇਸ ਸੰਕਟਕਾਲੀ ਦੌਰ ਵਿੱਚ ਸਹਿਕਾਰਤਾ ਵਿਭਾਗ ਨੇ ਮਿਲਕਫੈੱਡ ਪੰਜਾਬ (ਵੇਰਕਾ) ਅਤੇ ਇਸ ਨਾਲ ਸੰਬੰਧਿਤ ਮਿਲਕ ਯੂਨੀਅਨਾਂ ਦੇ ਨਾਲ ਮਿਲ ਕੇ ਪ੍ਰਭਾਵਿਤ ਲੋਕਾਂ ਅਤੇ ਪਸ਼ੂਆਂ ਦੀ ਸਹਾਇਤਾ ਲਈ ਰਾਹਤ ਅਤੇ ਮੁੜ-ਵਸੇਬਾ ਕਾਰਜ ਸ਼ੁਰੂ ਕਰ ਦਿੱਤੇ ਹਨ। ਸਭ ਤੋਂ ਵੱਧ ਪ੍ਰਭਾਵਿਤ ਖੇਤਰ ਅੰਮ੍ਰਿਤਸਰ, ਫਿਰੋਜ਼ਪੁਰ, ਅਬੋਹਰ, ਫਾਜ਼ਿਲਕਾ ਅਤੇ ਜਲੰਧਰ ਹਨ, ਜਿੱਥੇ ਲਗਭਗ 3.5 ਲੱਖ ਪ੍ਰਭਾਵਿਤ ਲੋਕ ਹਨ ਅਤੇ ਜ਼ਰੂਰੀ ਵਸਤਾਂ ਦੀ ਸਪਲਾਈ ਲਈ ਜੂਝ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਮਿਲਕਫੈੱਡ ਪੰਜਾਬ ਨੇ ਇੱਕ ਵਿਆਪਕ ਦੋ-ਪੱਖੀ ਰਣਨੀਤੀ ਨੂੰ ਸ਼ੁਰੂ ਕੀਤੀ ਹੈ, ਜਿਸ ਤਹਿਤ ਡੇਅਰੀ ਕਿਸਾਨਾਂ ਅਤੇ ਪਸ਼ੂਆਂ ਨੂੰ ਦੀ ਸਿਹਤਮੰਦੀ ਕਾਇਮ ਰੱਖਣ ਦੇ ਨਾਲ-ਨਾਲ ਪ੍ਰਭਾਵਿਤ ਆਬਾਦੀ ਨੂੰ ਦੁੱਧ ਅਤੇ ਭੋਜਨ ਦੀ ਜ਼ਰੂਰੀ ਸਪਲਾਈ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

ਇਸ ਪਹਿਲਕਦਮੀ ਬਾਰੇ ਬੋਲਦਿਆਂ ਸਹਿਕਾਰਤਾ ਵਿਭਾਗ ਦੇ ਵਿੱਤ ਕਮਿਸ਼ਨਰ ਸੁਮੇਰ ਗੁਰਜਰ ਨੇ ਕਿਹਾ ਕਿ ਇਹ ਸਿਰਫ਼ ਰਾਹਤ ਨਹੀਂ ਹੈ ਇਹ ਵੇਰਕਾ ਦਾ ਪੰਜਾਬ ਦੇ ਲੋਕਾਂ ਪ੍ਰਤੀ ਮੋਹ-ਪਿਆਰ ਤੇ ਸਤਿਕਾਰ ਹੈ। ਸਾਡੀਆਂ ਟੀਮਾਂ ਲਗਾਤਾਰ ਕਿਸਾਨਾਂ ਦੀ ਖਾਧ-ਖੁਰਾਕ ਦੀ ਰੱਖਿਆ, ਪਸ਼ੂਆਂ ਦੀ ਰੱਖਿਆ ਕਰ ਰਹੀਆਂ ਹਨ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕੋਈ ਵੀ ਪਰਿਵਾਰ ਪੋਸ਼ਣ ਤੋਂ ਵਾਂਝਾ ਨਾ ਰਹੇ।



ਆਵਾਜਾਈ ਦੇ ਰਸਤੇ ਪਾਣੀ ਹੇਠ ਡੁੱਬ ਜਾਣ ਕਾਰਨ, ਡੇਅਰੀ ਨਾਲ ਜੁੜੇ ਕਿਸਾਨ ਦੁੱਧ ਲਿਆਉਣ-ਲਿਜਾਣ ਤੋਂ ਅਸਮਰੱਥ ਹਨ, ਜਿਸ ਨਾਲ ਉਹਨਾਂ ਨੂੰ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਚੁਣੌਤੀਪੂਰਨ ਸਮੇਂ ਵਿੱਚ ਮਿਲਕਫੈੱਡ ਟੀਮਾਂ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਦੁੱਧ ਇਕੱਠਾ ਕਰਨ ਵਾਲੀਆਂ ਥਾਵਾਂ ਤੱਕ ਪਹੁੰਚਣ ਲਈ ਕਿਸ਼ਤੀਆਂ ਅਤੇ ਅਸਥਾਈ ਵਾਹਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ,ਜਿਸ ਨਾਲ ਕੱਚੇ ਦੁੱਧ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਇਸ ਅਸਾਧਾਰਨ ਉਪਰਾਲੇ ਨੇ ਜਿੱਥੇ ਕਿਸਾਨਾਂ ਦੀ ਆਮਦਨ ਨੂੰ ਸੁਰੱਖਿਅਤ ਰੱਖਿਆ ਹੈ ਉੱਥੇ ਹੀ ਇਸ ਔਖੀ ਘੜੀ ਵਿੱਚ ਵੀ ਪੰਜਾਬ ਦੀ ਦੁੱਧ ਸਪਲਾਈ ਨੂੰ ਚਲਦਾ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਮਿਲਕਫੈੱਡ ਦੇ ਐਮ.ਡੀ. ਰਾਹੁਲ ਗੁਪਤਾ ਨੇ ਅੱਗੇ ਕਿਹਾ, ਪਾਣੀ ਵਿੱਚ ਡੁੱਬੇ ਸ਼ੈੱਡਾਂ ਵਿੱਚ ਫਸੇ ਹਜ਼ਾਰਾਂ ਪਸ਼ੂਆਂ ਨੂੰ ਤਰਜੀਹੀ ਸਹਾਇਤਾ ਮਿਲ ਰਹੀ ਹੈ। ਸਬੰਧਤ ਦੁੱਧ ਯੂਨੀਅਨਾਂ ਦੇ ਤਾਲਮੇਲ ਨਾਲ, ਮਿਲਕਫੈੱਡ ਵੱਲੋਂ ਪਸ਼ੂਆਂ ਦੀ ਖੁਰਾਕ ਅਤੇ ਚੋਕਰ (ਚੋਕਰ) ਸਬਸਿਡੀ 'ਤੇ ਸਪਲਾਈ ਕੀਤੀ ਜਾ ਰਹੀ ਹੈ। ਇਸ ਯਤਨ ਨੂੰ ਹੋਰ ਅੱਗੇ ਵਧਾਉਣ ਲਈ, ਮਿਲਕਫੈੱਡ ਨੇ ਰਾਸ਼ਟਰੀ ਡੇਅਰੀ ਵਿਕਾਸ ਬੋਰਡ (ਐਨ.ਡੀ.ਡੀ.ਬੀ.) ਨਾਲ ਵੀ 50 ਕਰੋੜ ਦੀ ਗ੍ਰਾਂਟ ਲਈ ਪਹੁੰਚ ਕੀਤੀ ਹੈ, ਜਿਸਦੇ ਮਨਜ਼ੂਰ ਹੋਣ ਤੋਂ ਬਾਅਦ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਪਸ਼ੂ ਖੁਰਾਕ ਦੀ ਮੁਫ਼ਤ ਵੰਡ ਕੀਤੀ ਜਾਣੀ ਸੰਭਵ ਹੋ ਸਕੇਗੀ।

ਮਨੁੱਖੀ ਰਾਹਤ ਦੇਣ ਪੱਖੋਂ ਮਿਲਕਫੈੱਡ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਤਾਜ਼ਾ ਦੁੱਧ, ਸਕਿਮਡ ਮਿਲਕ ਪਾਊਡਰ, ਹੋਲ ਮਿਲਕ ਪਾਊਡਰ, ਡੇਅਰੀ ਵ੍ਹਾਈਟਨਰ ਸਪਲਾਈ ਕਰਨ ਲਈ ਕੰਮ ਕਰ ਰਿਹਾ ਹੈ। ਇਹ ਜ਼ਰੂਰੀ ਵਸਤੂਆਂ ਬੱਚਿਆਂ, ਬਜ਼ੁਰਗਾਂ ਅਤੇ ਕਮਜ਼ੋਰ ਆਬਾਦੀ ਵਾਲੇ ਪਰਿਵਾਰਾਂ ਲਈ ਖਾਸ ਤੌਰ 'ਤੇ ਮਹੱਤਵਪੂਰਨ ਹਨ। ਸਾਰੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਨਿਰਵਿਘਨ ਪੋਸ਼ਣ ਨੂੰ ਯਕੀਨੀ ਬਣਾਉਣ ਲਈ ਤੇਜ਼ੀ ਨਾਲ ਯਤਨ ਕੀਤੇ ਜਾ ਰਹੇ ਹਨ।

ਐਮ.ਡੀ. ਨੇ ਅੱਗੇ ਦੱਸਿਆ ਕਿ ਡੇਅਰੀ ਸਪਲਾਈ ਤੋਂ ਇਲਾਵਾ, ਮਿਲਕਫੈੱਡ ਅਤੇ ਇਸਦੀਆਂ ਯੂਨੀਅਨਾਂ ਨੇ ਫਸੇ ਪਰਿਵਾਰਾਂ ਲਈ 15,000 ਫੂਡ ਕਿੱਟਾਂ ਦਾ ਵਾਅਦਾ ਕੀਤਾ ਹੈ। ਵੇਰਕਾ ਜਲੰਧਰ, ਮੋਹਾਲੀ ਅਤੇ ਸੰਗਰੂਰ ਡੇਅਰੀਆਂ ਤੋਂ ਪਹਿਲਾਂ ਹੀ ਵੰਡ ਸ਼ੁਰੂ ਹੋ ਗਈ ਹੈ ਅਤੇ ਸਪਲਾਈ ਲਗਾਤਾਰ ਰਾਹਤ ਕੈਂਪਾਂ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਕੀਤੀ ਜਾ ਰਹੀ ਹੈ।

ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਮਿਲਕਫੈੱਡ ਪੰਜਾਬ ਦੀਆਂ ਕਾਰਵਾਈਆਂ ਐਮਰਜੈਂਸੀ ਰਾਹਤ ਤੋਂ ਅਗਾਂਹ ਹਨ। ਇਸ ਅਣਕਿਆਸੀ ਚੁਣੌਤੀ ਦੇ ਸਾਮ੍ਹਣੇ, ਮਿਲਕਫੈੱਡ ਪੰਜਾਬ ਅਤੇ ਇਸਦੀਆਂ ਯੂਨੀਅਨਾਂ ਨੇ ਨਾ ਸਿਰਫ਼ ਕਿਸਾਨਾਂ ਅਤੇ ਪਸ਼ੂਆਂ ਲਈ ਮਦਦ ਕੀਤੀ ਹੈ ਸਗੋਂ ਇਹ ਵੀ ਯਕੀਨੀ ਬਣਾਇਆ ਹੈ ਕਿ ਕੋਈ ਵੀ ਪਰਿਵਾਰ ਲੋੜੀਂਦੀਆਂ ਚੀਜ਼ਾਂ ਤੋਂ ਵਾਂਝਾ ਨਾ ਰਹੇ।ਜਿਵੇਂ-ਜਿਵੇਂ ਪੰਜਾਬ ਰਿਕਵਰੀ ਵੱਲ ਵਧਦਾ ਜਾਵੇਗਾ , ਵੇਰਕਾ ਦੇ ਰਾਹਤ ਯਤਨ, ਸਹਿਯੋਗ, ਹਮਦਰਦੀ ਅਤੇ ਰਾਸ਼ਟਰ ਨੂੰ ਪੋਸ਼ਣ ਦੇਣ ਦੀ ਆਪਣੀ ਵਚਨਬੱਧਤਾ ਨਿਰੰਤਰ ਬਰਕਰਾਰ ਰਹੇਗੀ।

## ਰਾਣਾ ਇੰਦਰ ਪ੍ਰਤਾਪ ਸਿੰਘ ਵੱਲੋਂ ਬੀਬੀਐਮਬੀ ਤੇ ਜ਼ਿੰਮੇਵਾਰੀ ਤੈਅ ਕਰਨ ਦੀ ਮੰਗ
## ਭਵਿੱਖ ਵਿੱਚ ਹੜ੍ਹ ਦੀਆਂ ਤਬਾਹੀਆਂ ਤੋਂ ਬਚਾਅ ਲਈ ਆਲ ਪਾਰਟੀ ਮੀਟਿੰਗ ਬੁਲਾਉਣ ਦਾ ਸੱਦਾ

ਸੁਲਤਾਨਪੁਰ ਲੋਧੀ
ਸਾਂਝੀ ਸੋਚ ਬਿਊਰੋ

ਸੁਲਤਾਨਪੁਰ ਲੋਧੀ ਤੋਂ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਇੱਕ ਸਖ਼ਤ ਬਿਆਨ ਵਿੱਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਤੋਂ ਤੁਰੰਤ ਜ਼ਿੰਮੇਵਾਰੀ ਤੈਅ ਕਰਨ ਅਤੇ ਢਾਂਚਾਗਤ ਸੁਧਾਰਾਂ ਦੀ ਮੰਗ ਕੀਤੀ ਹੈ। ਇਹ ਬਿਆਨ ਉਨ੍ਹਾਂ ਵੱਲੋਂ ਪੰਜਾਬ ਭਰ ਵਿੱਚ ਲੱਖਾਂ ਹੈਕਟੇਅਰਾਂ ਵਿੱਚ ਖੜ੍ਹੀਆਂ ਫ਼ਸਲਾਂ ਨੂੰ ਡੁੱਬਣ ਵਾਲੀਆਂ ਭਿਆਨਕ ਬਾਰਸ਼ਾਂ ਅਤੇ ਹੜ੍ਹ ਦੇ ਮੱਦੇਨਜ਼ਰ ਦਿੱਤਾ ਗਿਆ।ਰਾਣਾ ਇੰਦਰ ਪ੍ਰਤਾਪ ਸਿੰਘ ਨੇ ਬੀਬੀਐਮਬੀ ਦੀ ਅਸਮਰਥਾ ਅਤੇ ਗੈਰ-ਸਰਗਰਮੀ 'ਤੇ ਗੰਭੀਰ ਚਿੰਤਾ ਜਤਾਈ, ਜਿਸ ਦੇ ਹਵਾਲੇ ਭਾਖੜਾ ਅਤੇ ਪੌਂਗ ਡੈਮ ਤੋਂ ਸੁਤਲਜ ਅਤੇ ਬਿਆਸ ਦਰਿਆਵਾਂ ਦਾ ਪਾਣੀ ਸੰਭਾਲਣਾ ਹੁੰਦਾ ਹੈ।ਉਨ੍ਹਾਂ ਕਿਹਾ "ਬੀਬੀਐਮਬੀ ਪੰਜਾਬ ਦੇ ਲੋਕਾਂ ਅਤੇ ਖੇਤੀਬਾੜੀ ਦੀ ਸੁਰਖਿਆ ਕਰਨ ਵਿੱਚ ਫੇਲ੍ਹ ਰਹੀ ਹੈ, ਸਮੇਂ-ਸਿਰ ਤੇ ਉਚਿਤ ਉਪਰਾਲੇ ਨਹੀਂ ਕੀਤੇ ਗਏ, ਜਿਸ ਕਰਕੇ ਇਹ ਤਬਾਹੀ ਵਾਪਰੀ ਹੈ।"ਬੀਬੀਐਮਬੀ ਵੱਲੋਂ ਸੰਭਾਵੀ ਦਾਅਵੇ ਕਿ ਇਸ ਸਾਲ ਮਾਨਸੂਨ ਦੌਰਾਨ ਬੇਹਿਸਾਬ ਪਾਣੀ ਆਇਆ ਸੀ, ਨੂੰ ਖੰਡਨ ਕਰਦਿਆਂ, ਸੁਲਤਾਨਪੁਰ ਲੋਧੀ ਦੇ ਵਿਧਾਇਕ ਨੇ ਦਲੀਲ ਦਿੱਤੀ ਕਿ ਪਿਛਲੇ ਸੀਜ਼ਨ ਦਾ ਵਾਧੂ ਪਾਣੀ ਸਮੇਂ-ਸਿਰ ਰਿਲੀਜ਼ ਨਹੀਂ ਕੀਤਾ ਗਿਆ, ਜਿਸ ਨਾਲ ਹਾਲਾਤ ਹੋਰ ਵੀ ਬਦਤਰ ਹੋ ਗਏ। ਉਨ੍ਹਾਂ ਕਿਹਾ "ਜੇ ਬੋਰਡ ਨੇ ਪਿਛਲੇ ਸਾਲ ਦਾਇਕਠਾ ਹੋਇਆ ਪਾਣੀ ਸਮੇਂ ਸਿਰ ਰਿਲੀਜ਼ ਕਰ ਦਿੱਤਾ ਹੁੰਦਾ, ਤਾਂ ਅੱਜ ਦੀ ਤਬਾਹੀ ਇੰਨੀ ਵੱਡੀ ਨਾ ਹੁੰਦੀ। ਇਹ ਤਬਾਹੀ ਅਗਾਊਂ ਸਮਝੀ ਜਾ ਸਕਦੀ ਸੀ ਅਤੇ ਇਸ ਤੋਂ ਬਚਿਆ ਜਾ ਸਕਦਾ ਸੀ।"ਰਾਜਨੀਤਿਕ ਪੱਧਰ 'ਤੇ ਸਾਂਝੀ ਕਾਰਵਾਈ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ, ਰਾਣਾ ਇੰਦਰ ਪ੍ਰਤਾਪ ਸਿੰਘ ਨੇ ਬੀਬੀਐਮਬੀ ਉੱਤੇ ਜ਼ਿੰਮੇਵਾਰੀ ਤੈਅ ਕਰਨ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਤਬਾਹੀਆਂ ਤੋਂ ਬਚਾਅ ਲਈ ਇੱਕ ਵਿਸ਼ਾਲ ਤੇ ਸਰਗਰਮ ਵਿਉਂਤਬੰਦੀ ਬਣਾਉਣ ਲਈ ਸਰਵ ਮੀਟਿੰਗ ਬੁਲਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ "ਹੁਣ ਸਮਾਂ ਆ ਗਿਆ ਹੈ ਕਿ ਸਾਰੀਆਂ ਰਾਜਨੀਤਿਕ ਪਾਰਟੀਆਂ ਆਪਣੇ ਵੱਖ-ਵੱਖ ਹਿੱਤਾਂ ਤੋਂ ਉੱਪਰ ਉਠ ਕੇ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ, ਰੋਜ਼ੀ-ਰੋਟੀ ਅਤੇ ਖੇਤਾਂ ਦੀ ਰੱਖਿਆ ਲਈ ਇਕੱਠੇ ਹੋਣ।"ਆਪਣੇ ਖੇਤਰ ਦੀ ਸਥਿਤੀ ਬਾਰੇ ਦੱਸਦੇ ਹੋਏ, ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਸੁਲਤਾਨਪੁਰ ਲੋਧੀ ਹੜ੍ਹ ਨਾਲ ਸਭ ਤੋਂ ਪਹਿਲਾਂ ਪ੍ਰਭਾਵਿਤ ਹੋਇਆ, ਕਿਉਂਕਿ ਇਹ ਹਰੀਕੇ ਨਾਲ ਭੂਗੋਲਿਕ ਤੌਰ 'ਤੇ ਸਭ ਤੋਂ ਨੇੜੇ ਹੈ, ਜਿੱਥੇ ਸੁਤਲਜ ਅਤੇ ਬਿਆਸ ਦਰਿਆ ਮਿਲਦੇ ਹਨ। ਬਾਅਦ ਵਿੱਚ ਹੜ੍ਹ ਦਾ ਪਾਣੀ ਹਰ ਪਾਸੇ ਫੈਲ ਗਿਆ ਅਤੇ ਪੱਕ ਰਹੀ ਝੋਨੇ ਦੀ ਫਸਲ ਨੂੰ ਡੁੱਬੋ ਦਿੱਤਾ, ਜਿਸ ਦੀ ਕਟਾਈ ਵਿੱਚ ਕੇਵਲ ਇਕ ਮਹੀਨਾ ਬਚਿਆ ਸੀ।ਉਨ੍ਹਾਂ ਕਿਹਾ ਪੰਜਾਬ ਦੇ ਲੋਕ, ਵਿਸ਼ੇਸ਼ ਕਰਕੇ ਕਿਸਾਨ, ਸਭ ਤੋਂ ਵੱਧ ਪੀੜਤ ਹੋਏ ਹਨ। ਫਿਰ ਵੀ ਅਸੀਂ ਪੰਜਾਬ ਅਤੇ ਕੇਂਦਰ ਵੱਲੋਂ ਸਹਾਇਤਾ ਦੀ ਉਡੀਕ ਕਰ ਰਹੇ ਹਾਂ।ਵਿਧਾਇਕ ਨੇ ਬੁਨਿਆਦੀ ਹੜ੍ਹ-ਨਿਯੰਤਰਣ ਵਿਉਂਤਬੰਦੀ ਨੂੰ ਲਾਗੂ ਨਾ ਕਰਨ ਨੂੰ ਵੀ ਵੱਡੀ ਨਾਕਾਮੀ ਦੱਸਿਆ। ਉਨ੍ਹਾਂ ਕਿਹਾ "ਵਾਰ-ਵਾਰ ਚੇਤਾਵਨੀਆਂ ਦੇ ਬਾਵਜੂਦ ਦਰਿਆ, ਨਹਿਰਾਂ ਅਤੇ ਕੱਸੀਆਂ ਦੀ ਸਫਾਈ ਨਹੀਂ ਕੀਤੀ ਗਈ। ਬੰਨ੍ਹਾਂ ਦੀ ਮਜ਼ਬੂਤੀ ਦਾ ਕੰਮ ਨਹੀਂ ਹੋਇਆ। ਮੈਂ ਇਹ ਮੁੱਦਾ ਬਹੁਤ ਪਹਿਲਾਂ ਉਠਾਇਆ ਸੀ, ਪਰ ਚੇਤਾਵਨੀਆਂ ਨੂੰ ਅਣਡਿੱਠਾ ਕਰ ਦਿੱਤਾ ਗਿਆ।" ਉਨ੍ਹਾਂ ਹੋਰ ਕਿਹਾ "ਮੇਰੇ ਵਿਚਾਰ ਵਿੱਚ, ਰਾਜਨੀਤਿਕ ਨੇਤਾ ਅਕਸਰ ਅਜਿਹੀਆਂ ਸਮੱਸਿਆਵਾਂ ਨੂੰ ਪਹਿਲਾਂ ਤੋਂ ਭਾਂਪ ਲੈਂਦੇ ਹਨ। ਪਰ ਇਸ ਵਾਰੀ, ਉਹ ਫੇਲ੍ਹ ਹੋ ਗਏ ਅਤੇ ਲੋਕਾਂ ਨੇ ਇਸ ਦੀ ਕੀਮਤ ਚੁਕਾਈ।"ਰਾਣਾ ਇੰਦਰ ਪ੍ਰਤਾਪ ਸਿੰਘ ਨੇ ਪੰਜਾਬ ਅਤੇ ਕੇਂਦਰ ਸਰਕਾਰ ਦੋਵਾਂ ਨੂੰ ਬੀਬੀਐਮਬੀ ਦੀ ਕਾਰਗੁਜ਼ਾਰੀ ਵਿੱਚ ਲਾਪਰਵਾਹੀਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਅਤੇ ਇਸਦੇ ਕੰਮਕਾਜ ਨੂੰ ਹੋਰ ਪਾਰਦਰਸ਼ੀ,



ਜਵਾਬਦੇਹ ਅਤੇ ਸੰਵੇਦਨਸ਼ੀਲ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਦੁਹਰਾਇਆ ਕਿ ਸਾਨੂੰ ਆਪਣੇ ਕਿਸਾਨਾਂ, ਪੰਜਾਬ ਦੀ ਧਰਤੀ ਅਤੇ ਇਸ ਦੇ ਭਵਿੱਖ ਲਈ ਠੋਸ ਉਪਰਾਲੇ ਕਰਨੇ ਪੈਣਗੇ ।"

# ਟਰੰਪ 'ਦੂਜੀ ਵਿਸ਼ਵ ਜੰਗ' ਤੋਂ ਬਾਅਦ ਦੇ ਸਭ ਤੋਂ ਖਤਰਨਾਕ ਰਾਸ਼ਟਰਪਤੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਤਜ਼ਰਬੇਕਾਰ ਰਿਪਬਲਿਕਨ ਸਾਬਕਾ ਸੈਨੇਟ ਨੇਤਾ ਮਿਚ ਮੈਕਕੋਨੇਲ ਅਨੁਸਾਰ ਡੋਨਾਲਡ ਟਰੰਪ ਦੇ ਦੂਜੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਦੁਨੀਆਂ ਇਕ ਅਜਿਹੇ ਖਤਰੇ ਦੇ ਦੌਰ 'ਚ ਦਾਖਲ ਹੋ ਗਈ ਹੈ, ਜਿਸ ਦੀਆਂ 'ਕੁਝ ਸਮਾਨਤਾਵਾਂ 30 ਦੇ ਦਹਾਕੇ ਨਾਲ ਮਿਲਦੀਆਂ-ਜੁਲਦੀਆਂ' ਹਨ। ਟਰੰਪ 'ਦੂਜੀ ਵਿਸ਼ਵ ਜੰਗ' ਤੋਂ ਬਾਅਦ ਦੇ ਸਭ ਤੋਂ ਖਤਰਨਾਕ ਰਾਸ਼ਟਰਪਤੀ ਹਨ। ਮੈਕਕੋਨੇਲ ਨੇ ਇਹ ਟਿੱਪਣੀਆਂ ਮੁੱਖ ਤੌਰ 'ਤੇ ਟੈਰਿਫ ਅਤੇ ਵਿਦੇਸ਼ੀ ਮਾਮਲਿਆਂ ਦੇ ਸੰਦਰਭ 'ਚ ਕੀਤੀਆਂ।

ਉਨ੍ਹਾਂ ਨੇ ਇਸ ਦੀ ਤੁਲਨਾ 1930 ਦੇ ਦਹਾਕੇ 'ਚ ਅਮਰੀਕਾ ਦੀਆਂ ਵੱਖਵਾਦੀ ਨੀਤੀਆਂ ਨਾਲ ਕੀਤੀ, ਜਿਨ੍ਹਾਂ ਬਾਰੇ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਇਸ ਨੇ ਗਲੋਬਲ ਮੰਦੀ ਨੂੰ ਤੇਜ਼ ਕੀਤਾ, ਜਿਸ ਨੇ ਸੰਘਰਸ਼ ਦਾ ਰਾਹ ਸਾਫ ਕੀਤਾ।83 ਸਾਲਾ ਮੈਕਕੋਨੇਲ, ਜੋ 1985 ਤੋਂ ਸੈਨੇਟਰ ਹਨ ਅਤੇ ਸਦਨ 'ਚ ਰਿਪਬਲਿਕਨ ਪਾਰਟੀ ਦੇ ਰਿਕਾਰਡ ਨੇਤਾ ਹਨ, ਅਹੁਦਾ ਛੱਡਣ ਤੋਂ ਪਹਿਲਾਂ, ਉਨ੍ਹਾਂ ਨੇ 18 ਸਾਲ ਬਿਤਾਏ, ਫਿਰ ਆਪਣੀ ਅਗਲੀ ਸੇਵਾਮੁਕਤੀ ਦਾ ਐਲਾਨ ਕੀਤਾ। ਉਨ੍ਹਾਂ ਨੇ ਟਰੰਪ ਪ੍ਰਸ਼ਾਸਨ ਦੇ ਤਾਨਾਸ਼ਾਹੀਵਾਦ ਵੱਲ ਵਧਦੇ ਕਦਮਾਂ 'ਤੇ ਕੋਈ ਚਰਚਾ ਨਹੀਂ ਕੀਤੀ।

ਉਨ੍ਹਾਂ ਨੇ ਟਰੰਪ ਨੂੰ ਇੰਨੀ ਸ਼ਕਤੀ ਦੇਣ ਦੀ ਆਪਣੀ ਜ਼ਿੰਮੇਵਾਰੀ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ। ਬਹੁਮਤ ਦੇ ਨੇਤਾ ਵਜੋਂ ਮੈਕਕੋਨੇਲ ਨੇ ਬਰਾਕ ਓਬਾਮਾ ਨੂੰ ਸੁਪਰੀਮ ਕੋਰਟ 'ਚ ਉਚਿਤ ਅਹੁਦਾ ਦੇਣ ਤੋਂ ਰੋਕਣ ਲਈ ਚਲਾਕੀ ਕੀਤੀ ਅਤੇ 2020 'ਚ ਆਪਣੇ ਪਹਿਲੇ ਕਾਰਜਕਾਲ ਦੇ ਆਖਰੀ ਹਫਤਿਆਂ 'ਚ ਟਰੰਪ ਨੂੰ ਇਕ ਹੋਰ ਅਹੁਦਾ ਦੇਣ ਦੀ ਕਾਹਲੀ ਕੀਤੀ।

ਪਾਕਿਸਤਾਨ 'ਚ ਆਏ ਭਿਆਨਕ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਅਮਰੀਕਾ ਨੇ ਕਈ ਜਹਾਜ਼ਾਂ 'ਚ ਭਰ ਕੇ ਰਾਹਤ ਸਮਗਰੀ ਭੇਜੀ ਹੈ। ਇਸਲਾਮਾਬਾਦ ਸਥਿਤ ਅਮਰੀਕੀ ਦੂਤਘਰ ਨੇ ਇਕ ਅਧਿਕਾਰਤ ਬਿਆਨ 'ਚ ਇਹ ਜਾਣਕਾਰੀ ਦਿੱਤੀ। ਇਸ ਨੇ ਕਿਹਾ ਕਿ ਪਾਕਿਸਤਾਨੀ ਫੌਜ ਦੀ ਅਪੀਲ 'ਤੇ ਅਮਰੀਕੀ ਫੌਜੀ ਜਹਾਜ਼ਾਂ ਵੱਲੋਂ ਰਾਹਤ ਸਮੱਗਰੀ ਪਾਕਿਸਤਾਨ 'ਚ ਲਿਆਂਦੀ ਗਈ ਹੈ। ਇਹ ਜਹਾਜ਼ ਸ਼ੁੱਕਰਵਾਰ ਨੂੰ ਰਾਵਲਪਿੰਡੀ ਦੇ ਨੂਰ ਖਾਨ ਏਅਰ ਬੇਸ 'ਤੇ ਉਤਰੇ, ਜਿੱਥੇ ਪਾਕਿਸਤਾਨੀ ਫੌਜ ਦੇ ਅਧਿਕਾਰੀਆਂ ਅਤੇ ਅਮਰੀਕੀ ਚਾਰਜ ਡੀ'ਅਫੇਅਰਸ ਨੇਟਲੀ ਬੇਕਰ ਨੇ ਰਾਹਤ ਸਮੱਗਰੀ ਪ੍ਰਾਪਤ ਕੀਤੀ।ਦੂਤਘਰ ਨੇ ਲਿਖਿਆ, "ਭਿਆਨਕ ਹੜ੍ਹਾਂ ਨਾਲ ਨਜਿੱਠਣ ਲਈ ਪਾਕਿਸਤਾਨੀ ਫੌਜ ਦੀ ਅਪੀਲ 'ਤੇ ਅਮਰੀਕੀ ਫੌਜੀ ਜਹਾਜ਼ਾਂ ਨੇ ਜ਼ਰੂਰੀ ਸਮੱਗਰੀ ਪਹੁੰਚਾਈ। ਨੂਰ ਖਾਨ ਏਅਰ ਬੇਸ 'ਤੇ, ਸੀ.ਡੀ.ਏ. ਬੇਕਰ ਨੇ ਪਾਕਿਸਤਾਨ ਦੇ ਲੋਕਾਂ ਪ੍ਰਤੀ ਆਪਣੀ ਡੂੰਘੀ ਹਮਦਰਦੀ ਪ੍ਰਗਟਾਈ, ਜਿਨ੍ਹਾਂ ਦਾ ਜੀਵਨ ਭਿਆਨਕ ਹੜ੍ਹਾਂ ਨਾਲ ਉੱਜੜ ਗਿਆ ਹੈ।" ਦੱਸਣਯੋਗ ਹੈ ਕਿ ਆਪ੍ਰੇਸ਼ਨ ਸਿੰਧੂਰ ਦੌਰਾਨ ਨੂਰ ਖਾਨ ਬੇਸ ਖੂਬ ਚਰਚਾ 'ਚ ਸੀ।


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# ਡਿਪਟੀ ਕਮਿਸ਼ਨਰ ਵੱਲੋਂ ਫਾਜ਼ਿਲਕਾ ਦੇ ਹੜ੍ਹ ਪੀੜਤਾਂ ਲਈ ਐਂਬੂਲੈਂਸ ਰਵਾਨਾ

ਬਰਨਾਲਾ
ਅਸ਼ੋਕ ਪੁਰੀ

ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਫਾਜ਼ਿਲਕਾ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਐਂਬੂਲੈਂਸ ਰਵਾਨਾ ਕੀਤੀ। ਬੀ ਐੱਮ ਸੀ ਹਸਪਤਾਲ ਦੀ ਇਹ ਐਂਬੂਲੈਂਸ ਫਾਜ਼ਿਲਕਾ ਦੇ ਹੜ੍ਹ ਪੀੜਤਾਂ ਲਈ ਪੀਣ ਵਾਲਾ ਪਾਣੀ, ਸੈਨਟਰੀ ਨੈਪਕਿਨ, ਬੁਰਸ਼ ਅਤੇ ਪੇਸਟ, ਸਾਬਣ, ਦਸਤਾਨੇ, ਮਾਸਕ ਆਦਿ ਲੈ ਕੇ ਗਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਐਂਬੂਲੈਂਸ 'ਚ ਡਾਕਟਰ, ਨਰਸ ਅਤੇ ਪੈਰਾਮੈਡਿਕ ਸਟਾਫ ਮੈਂਬਰ ਵੀ ਨਾਲ ਗਏ ਹਨ ਤਾਂ ਜੋ ਹੜ੍ਹ ਪੀੜਤਾਂ ਦੀ ਲੋੜ ਅਨੁਸਾਰ ਮਦਦ ਕੀਤੀ ਜਾਵੇਙ ਉਨ੍ਹਾਂ ਵੱਲੋਂ ਸ਼ੂਗਰ, ਵੱਧ ਬਲੱਡ ਪ੍ਰੈਸ਼ਰ, ਚਮੜੀ



ਅਤੇ ਹੋਰ ਆਮ ਰੋਗਾਂ ਦੀਆਂ ਦਵਾਈਆਂ ਵੀ ਵੰਡੀਆਂ ਜਾਣਗੀਆਂ। ਕੁੱਲ 90000 ਰੁਪਏ ਦੀ ਕੀਮਤ ਦਾ ਸਮਾਨ ਨਾਲ ਭੇਜਿਆ ਗਿਆ ਹੈ। ਸ਼੍ਰੀ ਟੀ ਬੈਨਿਥ ਨੇ ਹਸਪਤਾਲ ਮੈਨਜਮੈਂਟ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਹੋਰ ਲੋਕਾਂ ਨੂੰ ਵੀ ਅੱਗੇ ਆ ਕੇ ਹੜ੍ਹ ਪੀੜਤਾਂ ਦੀ ਮਦਦ ਲਈ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਬੀ ਐੱਮ ਸੀ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਡਾ. ਇਸ਼ਾਨ ਬੰਸਲ ਵੀ ਮੌਜੂਦ ਸਨ।

# ਜ਼ਿਲ੍ਹਾ ਪ੍ਰਧਾਨ ਜੱਗੀ ਚੋਹਲਾ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਨੂੰ ਰਾਸ਼ਨ ਦੀ ਵੰਡ ਸੁਖਬੀਰ ਸਿੰਘ ਬਾਦਲ ਦੀਆਂ ਹਦਾਇਤਾਂ 'ਤੇ ਪਹੁੰਚਾਈ ਰਾਹਤ ਸਮੱਗਰੀ

ਤਰਨ ਤਾਰਨ
ਰਕੇਸ਼ ਨਈਅਰ

ਦਰਿਆ ਬਿਆਸ ਵਿੱਚ ਪਾਣੀ ਵਧਣ ਕਰਕੇ ਹਲਕਾ ਖਡੂਰ ਸਾਹਿਬ ਦੇ ਮੰਡ ਖੇਤਰ ਦੇ ਕਈ ਪਿੰਡ ਹੜ੍ਹਾਂ ਦੀ ਲਪੇਟ ਵਿੱਚ ਹਨ। ਹੜ੍ਹ ਪੀੜਤ ਪਰਿਵਾਰਾਂ ਦੀ ਮੱਦਦ ਲਈ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਜੱਗੀ ਚੋਹਲਾ ਹਲਕਾ ਖਡੂਰ ਸਾਹਿਬ ਦੇ ਪਿੰਡ ਮਿਆਣੀ ਵਿਖੇ ਪੁੱਜੇ ਜਿਥੇ ਉਨ੍ਹਾਂ ਵਲੋਂ ਹੜ੍ਹ ਨਾਲ ਪ੍ਰਭਾਵਿਤ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜੱਗੀ ਚੋਹਲਾ ਨੇ ਦੱਸਿਆ ਕਿ ਹੜ੍ਹ ਨਾਲ ਪ੍ਰਭਾਵਿਤ ਪਰਿਵਾਰਾਂ ਨੇ ਸ਼੍ਰੋਮਣੀ ਅਕਾਲੀ ਦਲ ਵਲੋਂ ਸਥਾਪਿਤ ਰਾਹਤ ਕੇਂਦਰ ਨਾਲ



ਸੰਪਰਕ ਕਰਕੇ ਮੱਦਦ ਮੰਗੀ ਸੀ। ਜਿਸ ਕਰਕੇ ਉਨ੍ਹਾਂ ਵਲੋਂ ਪਾਰਟੀ ਪ੍ਰਧਾਨ ਸ.ਸੁਖਬੀਰ ਸਿੰਘ ਬਾਦਲ ਦੀਆਂ ਹਦਾਇਤਾਂ 'ਤੇ ਇਹ ਰਾਹਤ ਸਮੱਗਰੀ ਪੀੜਤ ਪਰਿਵਾਰਾਂ ਤੱਕ ਪਹੁੰਚਾਈ ਗਈ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਕੁਲਦੀਪ ਸਿੰਘ ਔਲਖ ਅਤੇ ਯੂਥ ਅਕਾਲੀ ਦਲ ਦੇ ਆਗੂ ਤੇ ਮੈਂਬਰ ਹਾਜ਼ਰ ਸਨ।

# ਪੰਜਾਬ ਹੜ੍ਹ ਪੀੜਤਾਂ ਲਈ ਦਿਵਿਆ ਜੋਤੀ ਜਾਗ੍ਰਤੀ ਸੰਸਥਾਨ ਦੀ ਪਹਿਲ– 'ਸਮਾਧਾਨ'




ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਪੰਜਾਬ ਵਿੱਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਹਜ਼ਾਰਾਂ ਪਰਿਵਾਰਾਂ ਦੀ ਸਹਾਇਤਾ ਲਈ ਦਿਵਿਆ ਜੋਤੀ ਜਾਗ੍ਰਤੀ ਸੰਸਥਾਨ, ਨੂਰਮਹਿਲ ਵੱਲੋਂ ਆਪਣੇ ਪ੍ਰਕਲਪ 'ਸਮਾਧਾਨ' ਦੇ ਅਧੀਨ ਰਾਹਤ ਅਭਿਆਨ ਸ਼ੁਰੂ ਕੀਤਾ ਹੈ। ਸੰਸਥਾਨ ਦੇ ਸੇਵਾਦਾਰ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚ ਕੇ ਪੀੜਤ ਪਰਿਵਾਰਾਂ ਨੂੰ ਖਾਦ ਪਦਾਰਥ, ਕੱਪੜੇ, ਦਵਾਈਆਂ ਅਤੇ ਲੋੜੀਂਦੀ ਰਾਹਤ ਸਮੱਗਰੀ ਉਪਲਬਧ ਕਰਵਾ ਰਹੇ ਹਨ। ਸੰਸਥਾਨ ਵੱਲੋਂ ਮੋਬਾਈਲ ਮੈਡੀਕਲ ਕੈਂਪਾਂ ਰਾਹੀਂ ਬਿਮਾਰ ਅਤੇ ਜ਼ਖ਼ਮੀ ਲੋਕਾਂ ਨੂੰ ਚਿਕਿਤਸਾ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸਦੇ ਨਾਲ ਹੀ, ਮਾਨਸਿਕ ਤੌਰ 'ਤੇ ਪ੍ਰਭਾਵਿਤ ਹੋਏ ਲੋਕਾਂ ਲਈ ਕਾਊਂਸਲਿੰਗ ਵੀ ਕੀਤੀ ਜਾ ਰਹੀ ਹੈ, ਤਾਂ ਜੋ ਉਹ ਇਸ ਮੁਸ਼ਕਲ ਵੇਲੇ ਵਿੱਚ ਆਤਮਬਲ ਪ੍ਰਾਪਤ ਕਰ ਸਕਣ। ਸੰਸਥਾਨ ਦੇ ਰਾਹਤ ਸਟਾਲਾਂ 'ਤੇ ਸ਼ਿਵਰਾਜ ਸਿੰਘ ਚੌਹਾਨ (ਕੇਂਦਰੀ ਖੇਤੀਬਾੜੀ ਅਤੇ ਕਿਸਾਨ ਕਲਿਆਣ ਅਤੇ ਪੇਂਡੂ ਵਿਕਾਸ ਮੰਤਰੀ), ਰਵਨੀਤ ਸਿੰਘ ਬਿੱਟੂ (ਕੇਂਦਰੀ ਰਾਜ ਮੰਤਰੀ ਰੇਲਵੇ ਅਤੇ ਖਾਦ ਪ੍ਰਸੰਸਕਰਨ ਉਦਯੋਗ), ਤਰੁਣ ਚੁਘਰਾਸ਼ਟਰੀ ਜਨਰਲ ਸਕੱਤਰ ਅਤੇ ਸੁਨੀਲ ਜਾਖੜ (ਪ੍ਰਧਾਨ, ਭਾਜਪਾ ਪੰਜਾਬ) ਨੇ ਵੀ ਸ਼ਿਰਕਤ ਕੀਤੀ।

# ਜ਼ਹਿਰੀਲੇ ਸੱਪ ਦੇ ਡੰਗੇ ਮਰੀਜ਼ ਦਾ ਢਾਹਾਂ ਕਲੇਰਾਂ ਹਸਪਤਾਲ ਵਿਖੇ ਡਾ. ਵਿਵੇਕ ਗੁੰਬਰ ਵੱਲੋਂ ਕੀਤਾ ਗਿਆ ਸਫ਼ਲ ਇਲਾਜ

ਬੰਗਾ
ਸਾਂਝੀ ਸੋਚ ਬਿਊਰੋ

ਦੁਆਬੇ ਵਿਚ ਪਿਛਲੇ 41 ਸਾਲਾਂ ਤੋਂ ਮੈਡੀਕਲ ਸੇਵਾਵਾਂ ਪ੍ਰਦਾਨ ਕਰ ਰਹੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਹੁਣ ਜ਼ਹਿਰੀਲੇ ਸੱਪ ਦੇ ਡੰਗੇ ਹੋਏ ਮਰੀਜ਼ਾਂ ਦਾ ਇਲਾਜ ਕਰਨ ਵਾਲਾ ਇਲਾਕੇ ਦਾ ਪ੍ਰਮੁੱਖ ਹਸਪਤਾਲ ਬਣ ਚੁੱਕਾ ਹੈ। ਪਿਛਲੇ ਇੱਕ ਮਹੀਨੇ ਵਿਚ ਜ਼ਹਿਰੀਲੇ ਸੱਪਾਂ ਦੇ ਡੱਸੇ ਦਰਜਨ ਦੇ ਕਰੀਬ ਮਰੀਜ਼ਾਂ ਨੂੰ ਵੇਲੇ ਸਿਰ ਐਂਟੀ ਸਨੇਕ ਵੇਨਮ ਅਤੇ ਵੈਂਟੀਲੇਟਰ ਦੀ ਮਦਦ ਨਾਲ ਬਚਾਇਆ ਜਾ ਚੁੱਕਾ ਹੈ। ਇਸ ਸਬੰਧੀ ਮੀਡੀਆ ਨਾਲ ਵਿਸ਼ੇਸ਼ ਗੱਲਬਾਤ ਕਰਦੇ ਹਸਪਤਾਲ ਦੇ ਮੈਡੀਕਲ ਮਾਹਿਰ ਡਾ ਵਿਵੇਕ ਗੁੰਬਰ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸੱਪ ਦੇ ਡੰਗੇ ਮਰੀਜ਼ਾਂ ਦਾ ਇਲਾਜ ਅਤਿ ਆਧੁਨਿਕ ਤਰੀਕਿਆਂ ਨਾਲ ਕੀਤਾ ਜਾ ਰਿਹਾ ਹੈ।

ਜਿਸ ਦੀ ਤਾਜ਼ਾ ਮਿਸਾਲ ਪਿੰਡ ਪੰਜੋਰਾ ਵਾਸੀ 70 ਸਾਲ ਦੇ ਮਰੀਜ਼ ਹਰਬੰਸ ਸਿੰਘ ਹੈ ਜਿਸ ਦਾ ਸਫ਼ਲਤਾਪੂਰਵਕ ਇਲਾਜ ਕੀਤਾ ਗਿਆ ਹੈ। ਮਰੀਜ਼ ਨੂੰ ਇੱਕ ਜ਼ਹਿਰੀਲੇ ਸੱਪ ਨੇ ਡੱਸ ਲਿਆ ਸੀ, ਜਦੋਂ ਉਸ ਨੂੰ ਪੇਟ ਦਰਦ, ਉਲਟੀ, ਅੱਖਾਂ ਦਾ ਆਪਮੁਹਾਰੇ ਬੰਦ ਹੋਣਾ, ਸਾਹ ਲੈਣ ਵਿਚ ਆ ਰਹੀ ਭਾਰੀ ਸਮੱਸਿਆ ਆਦਿ ਲੱਛਣ ਸਾਹਮਣੇ ਆਏ ਤਾਂ ਉਪਰੰਤ ਪਰਿਵਾਰ ਵੱਲੋਂ ਉਸ ਨੂੰ ਛੇਤੀ ਨਾਲ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇਲਾਜ ਲਈ ਲਿਆਂਦਾ ਗਿਆ।

ਮੁੱਢਲੀ ਜਾਂਚ ਦੌਰਾਨ ਹੀ ਮਰੀਜ਼ ਦੇ ਦਿਲ ਦੀ ਧੜਕਣ ਅਚਾਨਕ ਬੰਦ ਹੋ ਗਈ ਤਾਂ ਮੈਡੀਕਲ ਮਾਹਿਰ ਡਾ. ਵਿਵੇਕ ਗੁੰਬਰ ਐਮ.ਡੀ. ਮੈਡੀਸਨ ਦੀ ਅਗਵਾਈ ਵਿਚ ਐਮਰਜੈਂਸੀ ਮੈਡੀਕਲ ਅਫ਼ਸਰ ਡਾ. ਜਸਰਾਜ ਸਿੰਘ ਨੇ ਨਰਸਿੰਗ ਸਟਾਫ ਨੂੰ ਨਾਲ ਲੈ ਕੇ ਸੀ.ਪੀ.ਆਰ. ਕੀਤਾ, ਜਿਸ ਨਾਲ ਮਰੀਜ਼ ਦੇ ਦਿਲ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਮਰੀਜ਼ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਆਈਸੀਯੂ ਵਿਭਾਗ ਵਿਚ ਭਰਤੀ ਕੀਤਾ ਗਿਆ। ਜਿੱਥੇ ਚਾਰ ਦਿਨ ਵੈਂਟੀਲੇਟਰ ਦੀ ਮਦਦ ਦੇ ਨਾਲ-ਨਾਲ ਸੱਪ ਦੇ ਡੰਗੇ ਜਾਣ 'ਤੇ ਮਰੀਜ਼ ਦਾ ਇਲਾਜ ਕਰਨ ਵਾਲੀਆਂ ਖਾਸ ਦਵਾਈਆਂ (ਸੱਪ ਦੀ ਜ਼ਹਿਰ ਦਾ ਐਂਟੀਡਾਟ) ਨਾਲ ਇਲਾਜ ਕੀਤਾ ਗਿਆ। ਡਾਕਟਰ ਸਾਹਿਬ ਦੀ ਸਾਰੀ ਟੀਮ ਦੇ ਅਣਥੱਕ ਯਤਨਾਂ ਸਦਕਾ ਮਰੀਜ਼ ਨੂੰ ਨਵਾਂ ਜੀਵਨ ਮਿਲਿਆ।

ਹੁਣ ਮਰੀਜ਼ ਹਰਬੰਸ ਸਿੰਘ ਪੂਰੀ ਤਰ੍ਹਾਂ ਤੰਦਰੁਸਤ ਹੈ । ਇਸ ਮੌਕੇ ਹਸਪਤਾਲ ਦੇ ਮੁੱਖ ਪ੍ਰਬੰਧਕ ਡਾ. ਕੁਲਵਿੰਦਰ ਸਿੰਘ ਢਾਹਾਂ, ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਢਾਹਾਂ ਕਲੇਰਾਂ ਨੇ ਮਰੀਜ਼ ਦਾ ਵਧੀਆ ਇਲਾਜ ਕਰਨ ਲਈ ਡਾ. ਵਿਵੇਕ ਗੁੰਬਰ ਅਤੇ ਸਮੂਹ ਟੀਮ ਨੂੰ ਵਧਾਈ ਦਿੱਤੀ। ਡਾ. ਵਿਵੇਕ ਗੁੰਬਰ ਨੇ ਲੋਕਾਂ ਨੂੰ ਜਾਗਰੂਕ ਕਰਦੇ ਦੱਸਿਆ ਕਿ ਭਾਰਤ ਵਿੱਚ ਸੱਪ ਦੇ ਡੰਗਣ ਨਾਲ ਹੋਣ ਵਾਲੀਆਂ ਮੌਤਾਂ ਸੱਪਾਂ ਦੀਆਂ ਪ੍ਰਮੁੱਖ ਚਾਰ ਪ੍ਰਜਾਤੀਆਂ ਦੇ ਕਾਰਨ ਹੁੰਦੀਆਂ ਹਨ ਜਿਹਨਾਂ ਵਿਚ ਕਾਮਨ ਕਰੇਟ, ਇੰਡੀਅਨ ਕੋਬਰਾ, ਰਸਲਜ਼ ਵਾਈਪਰ ਅਤੇ ਸਾਅ ਸਕੇਲਡ ਵਾਈਪਰ ਆਦਿ ਸ਼ਾਮਿਲ ਹਨ, ਪਰ ਬਹੁਤ ਸਾਰੇ ਲੋਕ ਅਗਿਆਨਤਾ ਜਾਂ ਹੋਰ ਕਾਰਨਾਂ ਕਰਕੇ ਵੇਲੇ ਸਿਰ ਉਸ ਸਿਹਤ ਕੇਂਦਰ ਤੱਕ ਪਹੁੰਚ ਹੀ ਨਹੀਂ ਪੁੱਜਦੇ ਜਿੱਥੇ ਐਂਟੀਵੇਨਮ (ਸੱਪ ਦੀ ਜ਼ਹਿਰ ਤੋਂ ਬਚਾਉਣ ਵਾਲਾ ਟੀਕਾ) ਉਪਲਬਧ ਹੋਵੇ ਅਤੇ ਕਿਉਂਕਿ ਇਹ ਟੀਕਾ ਮਰੀਜ਼ ਦੀ ਜਾਨ ਬਚਾਉਣ ਵਿੱਚ ਸਹਾਈ ਸਿੱਧ ਹੁੰਦਾ ਹੈ।




WE HAVE THE CHEAPEST FARES TO INDIA
LEGEND TRAVEL
arc accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA


NOW OPEN
NOW OPEN
Tandoori FLAVORS
MARINATE MEAT SHOP
ਮੇਰੀਨੇਟ ਮੀਟ ਸ਼ੋਪ
551
Tandoori Flavors
---- MARINATED MEAT SHOP ----
ਚਾਹੇ ਕੱਚਾ ਚਾਹੀਦਾ, ਜਾਂ ਪੱਕਾ
ਸਾਡੀ ਚੋਣ ਹੈ ਸਭ ਤੋਂ ਵਧੀਆ!
POULTRY SPECIALS ਦੇ ਵਿਚ ਤੁਹਾਨੂੰ ਮਿਲੇਗਾ :-
- Chicken Wings , Cooked Wings, Breast , Boneless Thighs, Paneer Skewers
- CURRY LOVERS ਦੇ ਲਈ ਖਾਸ ਰਹੇਗਾ :-
- Butter Chicken, Shahi Paneer, ਬੱਕਰਾ Curry
- RICE BOWLS – ON THE GO !
- Shahi Paneer Bowl, Butter Chicken Bowl
- SEAFOOD 'ਚ ਵੀ ਕੁਝ ਅਜਿਹਾ ਰਹੇਗਾ ਖਾਸ :-
- Basa (Swai) Fish, Fish Pakora, Cooked Pakora Fish
Tandoori FLAVORS
ਭੋਜਨ ਪ੍ਰੇਮੀਆਂ ਲਈ ਖਾਸ ਹਰ ਰੋਜ਼ - RICE BOWL ONLY $11.99 ਸ਼ਾਹੀ ਪਨੀਰ ਜਾਂ ਬਟਰ ਚਿਕਨ ਦੇ ਨਾਲ
RICE ਸਾਰੀਆਂ CURRIES ਨਾਲ ਮੁਫ਼ਤ ਮਿਲਣਗੇ।
ਤੁਸੀਂ ਸਾਡੇ ਕੋਲੋਂ COOKED ਫੂਡ ਤੇ ਮੈਰੀਨੇਡ ਮੀਟ ਦਾ ਸਾਫ਼ ਕੀਤਾ RAW ਮੈਟੀਰੀਅਲ ਵੀ ਪ੍ਰਾਪਤ ਕਰ ਸਕਦੇ ਹੋ।
ACHAR LOVERS ਲਈ ਬੱਕਰੇ ਤੇ ਮੁਰਗੇ ਦਾ ਆਚਾਰ ਵੀ ਸਾਡੇ ਕੋਲ ਉਪਲਬਧ ਹੈ।
ਇਥੇ ਇਹ ਵੀ ਖਾਸ ਹੈ ਕਿ
''ਅਸੀਂ ਆਪਣੇ ਖਾਣੇ 'ਚ ਫ਼ੂਡ-ਕਲਰ ਨਹੀਂ ਵਰਤਦੇ।''
551, West Clover Road, Tracy
California- 95376
ਸੰਪਰਕ ਕਰੋ -
209-207-9781
ਸਾਡਾ ਸਟੋਰ ਖੁੱਲ੍ਹਣ ਦਾ ਸਮਾਂ ਹੈ :
ਸਵੇਰੇ 10 ਵਜੇ ਤੋਂ ਰਾਤੀਂ 9 ਵਜੇ ਤੱਕ
Visit Us Online: www.Tandoori-Flavors.com


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
INDIAN & FIJI GROCERY
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

# ਬਰਸਾਤੀ ਪਾਣੀ ਨਾਲ ਮੱਛਰ ਅਤੇ ਦੂਸ਼ਿਤ ਪਾਣੀ ਵਾਲੀਆਂ ਬਿਮਾਰੀਆਂ ਦਾ ਖਤਰਾ ਜ਼ਿਆਦਾ: ਸਿਵਲ ਸਰਜਨ

ਬਰਨਾਲਾ
ਅਸ਼ੋਕ ਪੁਰੀ

ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਦੀ ਅਗਵਾਈ ਹੇਠ ਬਰਸਾਤ ਦਾ ਮੌਸਮ ਹੋਣ ਕਾਰਨ ਦੂਸ਼ਿਤ ਪਾਣੀ ਅਤੇ ਮੱਛਰਾਂ ਨਾਲ ਹੋਣ ਵਾਲੀਆਂ ਬਿਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਵੱਲੋਂ ਕੀਤਾ ਗਿਆ। ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਮੀਂਹ ਅਤੇ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਬਰਸਾਤ ਦੇ ਮੌਸਮ ਚ ਮੀਂਹ ਦਾ ਪਾਣੀ ਗਲੀਆਂ ਨਾਲੀਆਂ ਵਿੱਚ ਇਕੱਠਾ ਹੋਣ ਕਾਰਨ ਅਤੇ ਘਰਾਂ, ਦੁਕਾਨਾਂ, ਹੋਰ ਥਾਵਾਂ ਤੇ ਗਮਲੇ, ਕੂਲਰ, ਟਾਇਰ, ਘੜੇ, ਫਰਿੱਜ ਦੀ ਬੈਕ ਟਰੇਅ, ਖੇਲਾਂ ਆਦਿ ਵਿੱਚ ਜ਼ਿਆਦਾ ਦਿਨ ਖੜ ਜਾਣ ਕਾਰਨ ਮੱਛਰ ਪੈਦਾ ਹੋ ਜਾਂਦਾ ਹੈ ਜਿਸ ਕਾਰਨ ਡੇਂਗੂ, ਮਲੇਰੀਆ ਫੈਲਦਾ ਹੈ।



ਮਲੇਰੀਆ ਡੇਂਗੂ ਤੋਂ ਬਚਾਅ ਲਈ ਖੜੇ ਪਾਣੀ ਦੇ ਸੋਮੇ ਨਸ਼ਟ ਕਰਕੇ ਜਾਂ ਕਾਲਾ ਤੇਲ ਪਾ ਕੇ ਹਫਤੇ 'ਚ ਇੱਕ ਦਿਨ ਸਿਹਤ ਵਿਭਾਗ ਵੱਲੋਂ ਸ਼ੁੱਕਰਵਾਰ ਨੂੰ ਖੁਸ਼ਕ ਦਿਨ (ਡਰਾਈ ਡੇ ਫਰਾਈ ਡੇ) ਵਜੋਂ ਮਨਾ ਕੇ ਸਾਰੇ ਪਾਣੀ ਵਾਲੇ ਬਰਤਨਾਂ ਨੂੰ ਸੁਕਾਉਣਾ ਚਾਹੀਦਾ ਹੈ।

ਗੁਰਮੇਲ ਸਿੰਘ ਢਿੱਲੋਂ , ਸੁਰਿੰਦਰ ਸਿੰਘ ਗੁਰਪ੍ਰੀਤ ਸਿੰਘ ਅਤੇ ਕੇਵਲ ਸਿੰਘ ਸਿਹਤ ਸੁਪਰਵਾਈਜ਼ਰ ਨੇ ਦੱਸਿਆ ਕਿ ਜੇਕਰ ਕਿਸੇ ਨੂੰ ਦਸਤ, ਉਲਟੀਆਂ, ਕਾਂਬੇ ਨਾਲ ਬੁਖਾਰ, ਸਿਰ ਦਰਦ, ਅੱਖਾਂ ਦੇ ਪਿਛਲੇ ਹਿੱਸੇ 'ਚ ਦਰਦ, ਮਾਸਪੇਸ਼ੀਆਂ 'ਚ ਦਰਦ, ਸਰੀਰ ਤੇ ਲਾਲ ਰੰਗ ਦੇ ਧੱਫੜ, ਨੱਕ ਜਾਂ ਮੂੰਹ 'ਚੋਂ ਖੂਨ ਆਉਣਾ ਆਦਿ ਲੱਛਣ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਾਉਣਾ ਚਾਹੀਦਾ ਹੈ।ਟੀਮਾਂ ਵੱਲੋਂ ਜ਼ਿਲ੍ਹਾ ਬਰਨਾਲਾ ਦੇ ਜਿਸ ਇਲਾਕੇ ਵਿੱਚ ਬਰਸਾਤ ਦਾ ਪਾਣੀ ਇਕੱਠਾ ਹੋਇਆ ਹੈ, ਮੱਛਰਾਂ ਦਾ ਲਾਰਵਾ ਚੈੱਕ ਕੀਤਾ ਗਿਆ ਅਤੇ ਲਾਰਵੀਸਾਈਡ ਦਾ ਸਪਰੇਅ ਕੀਤਾ ਗਿਆ ਅਤੇ ਪੈਂਫਲੈਟ ਵੰਡ ਕੇ ਬਿਮਾਰੀਆਂ ਜਿਵੇਂ ਦਸਤ ਲੱਗਣ 'ਤੇ ਓ ਆਰ ਐਸ ਘੋਲ, ਪਾਣੀ ਉਬਾਲ ਕੇ ਪੀਣ ਅਤੇ ਪਾਣੀ ਵਿੱਚ ਸੱਪ ਜਾਂ ਹੋਰ ਜਹਿਰੀਲੇ ਜਾਨਵਰ ਦੇ ਕੱਟ ਜਾਣ ਤੇ ਡਾਕਟਰੀ ਇਲਾਜ ਬਾਰੇ ਜਾਗਰੂਕ ਕੀਤਾ ਗਿਆ।

# 22,854 ਵਿਅਕਤੀ ਸੁਰੱਖਿਅਤ ਕੱਢੇ, ਹੜ੍ਹਾਂ ਕਾਰਨ 3 ਹੋਰ ਜਾਨਾਂ ਗਈਆਂ: ਹਰਦੀਪ ਸਿੰਘ ਮੁੰਡੀਆਂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਦੱਸਿਆ ਕਿ ਪਿਛਲੇ 24 ਘੰਟਿਆਂ ਦੌਰਾਨ 48 ਹੋਰ ਪਿੰਡ, 2691 ਆਬਾਦੀ ਅਤੇ 2131 ਹੈਕਟੇਅਰ ਰਕਬੇ 'ਚ ਖੜ੍ਹੀਆਂ ਫ਼ਸਲਾਂ ਪ੍ਰਭਾਵਿਤ ਹੋਈਆਂ ਹਨ। ਹੁਣ ਤੱਕ 22 ਜ਼ਿਲ੍ਹਿਆਂ ਦੇ 1996 ਪਿੰਡ ਪ੍ਰਭਾਵਿਤ ਹੋਏ ਹਨ, ਜਿਸ ਨਾਲ ਕੁੱਲ 3,87,013 ਆਬਾਦੀ ਪ੍ਰਭਾਵਿਤ ਹੋਈ ਹੈ। ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਪਿਛਲੇ 24 ਘੰਟਿਆਂ ਦੌਰਾਨ ਜਲੰਧਰ ਜ਼ਿਲ੍ਹੇ ਦੇ 19 ਹੋਰ ਪਿੰਡ ਪ੍ਰਭਾਵਿਤ ਹੋਏ ਹਨ, ਜਦੋਂ ਕਿ ਇਸੇ ਸਮੇਂ ਦੌਰਾਨ ਲੁਧਿਆਣਾ ਦੇ 13 ਪਿੰਡ, ਫਿਰੋਜ਼ਪੁਰ ਦੇ 6, ਅੰਮ੍ਰਿਤਸਰ ਦੇ 5, ਹੁਸ਼ਿਆਰਪੁਰ ਦੇ 4 ਅਤੇ ਜ਼ਿਲ੍ਹਾ ਫਾਜ਼ਿਲਕਾ ਦਾ ਇੱਕ ਪਿੰਡ ਪ੍ਰਭਾਵਿਤ ਹੋਇਆ ਹੈ।

ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਸਬੰਧੀ ਯਤਨਾਂ ਬਾਰੇ ਜਾਣਕਾਰੀ ਦਿੰਦਿਆਂ ਮਾਲ ਮੰਤਰੀ ਨੇ ਦੱਸਿਆ ਕਿ ਪਿਛਲੇ 24 ਘੰਟਿਆਂ ਵਿੱਚ 925 ਹੋਰ ਵਿਅਕਤੀਆਂ ਨੂੰ ਸੁਰੱਖਿਅਤ ਕੱਢਿਆ ਗਿਆ ਹੈ, ਜਿਸ ਨਾਲ ਹੁਣ ਤੱਕ ਕੁੱਲ ਸੁਰੱਖਿਅਤ ਕੱਢੇ ਵਿਅਕਤੀਆਂ ਦੀ ਗਿਣਤੀ 22,854 ਹੋ ਗਈ ਹੈ। ਸਭ ਤੋਂ ਵੱਧ ਗੁਰਦਾਸਪੁਰ ਵਿੱਚ (5581) ਵਿਅਕਤੀਆਂ, ਫਾਜ਼ਿਲਕਾ (4202), ਫਿਰੋਜ਼ਪੁਰ (3888), ਅੰਮ੍ਰਿਤਸਰ (3260), ਹੁਸ਼ਿਆਰਪੁਰ (1616), ਪਠਾਨਕੋਟ (1139) ਅਤੇ ਕਪੂਰਥਲਾ ਵਿੱਚ (1428) ਵਿਅਕਤੀਆਂ ਨੂੰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸੂਬੇ ਵਿੱਚ ਇਸ ਸਮੇਂ 139 ਰਾਹਤ ਕੈਂਪ ਜਾਰੀ ਹਨ, ਜਿਨ੍ਹਾਂ ਵਿੱਚ 6121 ਵਿਅਕਤੀਆਂ ਨੂੰ ਠਹਿਰਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹੜ੍ਹਾਂ ਦੀ ਸ਼ੁਰੂਆਤ ਤੋਂ ਹੁਣ ਤੱਕ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੁੱਲ 219 ਕੈਂਪ



ਸਥਾਪਿਤ ਕੀਤੇ ਗਏ। ਫਾਜ਼ਿਲਕਾ ਜ਼ਿਲ੍ਹੇ ਵਿੱਚ 14 ਕੈਂਪਾਂ ਵਿੱਚ 2588 ਵਿਅਕਤੀਆਂ ਨੂੰ ਠਹਿਰਾਇਆ ਗਿਆ ਹੈ। ਇਸੇ ਤਰ੍ਹਾਂ ਬਰਨਾਲਾ ਦੇ 49 ਕੈਂਪਾਂ ਵਿੱਚ 527 ਵਿਅਕਤੀਆਂ, ਹੁਸ਼ਿਆਰਪੁਰ ਦੇ 4 ਕੈਂਪਾਂ ਵਿੱਚ 921 ਵਿਅਕਤੀਆਂ, ਰੂਪਨਗਰ ਦੇ 5 ਕੈਂਪਾਂ ਵਿੱਚ 250 ਵਿਅਕਤੀਆਂ, ਮੋਗਾ ਦੇ 3 ਕੈਂਪਾਂ ਵਿੱਚ 155 ਵਿਅਕਤੀਆਂ ਅਤੇ ਮਾਨਸਾ ਦੇ 2 ਕੈਂਪਾਂ ਵਿੱਚ 89 ਪ੍ਰਭਾਵਿਤ ਵਿਅਕਤੀਆਂ ਨੂੰ ਠਹਿਰਾਇਆ ਗਿਆ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੇ 24 ਘੰਟਿਆਂ ਵਿੱਚ ਹੜ੍ਹਾਂ ਨੇ ਅੰਮ੍ਰਿਤਸਰ ਅਤੇ ਰੂਪਨਗਰ ਵਿੱਚ ਤਿੰਨ ਹੋਰ ਜਾਨਾਂ ਲਈਆਂ ਹਨ, ਜਿਸ ਨਾਲ 14 ਜ਼ਿਲ੍ਹਿਆਂ ਵਿੱਚ ਕੁੱਲ ਮੌਤਾਂ ਦੀ ਗਿਣਤੀ ਹੁਣ 46 ਹੋ ਗਈ ਹੈ ਜਦੋਂ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਤਿੰਨ ਵਿਅਕਤੀ ਹਾਲੇ ਵੀ ਲਾਪਤਾ ਹਨ।ਹਰਦੀਪ ਸਿੰਘ ਮੁੰਡੀਆਂ ਨੇ ਫਸਲ ਖਰਾਬੇ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਪਿਛਲੇ 24 ਘੰਟਿਆਂ ਵਿੱਚ ਹੋਰ 2131 ਹੈਕਟੇਅਰ ਫਸਲ ਦਾ ਨੁਕਸਾਨ ਹੋਇਆ ਹੈ ਜਿਸ ਨਾਲ ਹੁਣ ਤੱਕ 18 ਜ਼ਿਲ੍ਹਿਆਂ ਵਿੱਚ ਕੁੱਲ 1.74 ਲੱਖ ਹੈਕਟੇਅਰ ਫ਼ਸਲੀ ਰਕਬੇ ਦਾ ਨੁਕਸਾਨ ਹੋਇਆ ਹੈ। ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਗੁਰਦਾਸਪੁਰ (40,169 ਹੈਕਟੇਅਰ), ਫ਼ਾਜ਼ਿਲਕਾ (18,649 ਹੈਕਟੇਅਰ), ਫਿਰੋਜ਼ਪੁਰ (17,257 ਹੈਕਟੇਅਰ), ਕਪੂਰਥਲਾ (17,574 ਹੈਕਟੇਅਰ), ਹੁਸ਼ਿਆਰਪੁਰ (8,322 ਹੈਕਟੇਅਰ), ਸੰਗਰੂਰ (6,560 ਹੈਕਟੇਅਰ), ਤਰਨ ਤਾਰਨ (12,828 ਹੈਕਟੇਅਰ) ਅਤੇ ਐਸ.ਏ.ਐਸ ਨਗਰ (2,000 ਹੈਕਟੇਅਰ) ਸ਼ਾਮਲ ਹਨ।

ਹਰਦੀਪ ਸਿੰਘ ਮੁੰਡੀਆਂ ਨੇ ਇਸ ਔਖੇ ਸਮੇਂ ਦੌਰਾਨ ਸਹਾਇਤਾ ਲਈ ਹਥਿਆਰਬੰਦ ਸੈਨਾਵਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਅੰਮ੍ਰਿਤਸਰ, ਫ਼ਾਜ਼ਿਲਕਾ, ਗੁਰਦਾਸਪੁਰ, ਫਿਰੋਜ਼ਪੁਰ, ਜਲੰਧਰ, ਹੁਸ਼ਿਆਰਪੁਰ, ਪਟਿਆਲਾ, ਲੁਧਿਆਣਾ, ਪਠਾਨਕੋਟ ਅਤੇ ਰੂਪਨਗਰ ਵਿੱਚ ਕੁੱਲ 23 ਐਨ.ਡੀ.ਆਰ.ਐਫ ਟੀਮਾਂ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ, ਜਦੋਂ ਕਿ ਕਪੂਰਥਲਾ ਵਿੱਚ 2 ਐਸ.ਡੀ.ਆਰ.ਐਫ ਟੀਮਾਂ ਸਰਗਰਮ ਹਨ।ਉਨ੍ਹਾਂ ਕਿਹਾ ਕਿ ਭਾਰਤੀ ਫੌਜ ਦੀਆਂ 27 ਟੁਕੜੀਆਂ ਅਤੇ 7 ਇੰਜੀਨੀਅਰ ਟਾਸਕ ਫੋਰਸ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਰਗਰਮੀ ਨਾਲ ਕੰਮ ਕਰ ਰਹੇ ਹਨ। ਭਾਰਤੀ ਹਵਾਈ ਸੈਨਾ ਅਤੇ ਫੌਜ ਦੇ 9 ਹੈਲੀਕਾਪਟਰ ਰਾਹਤ ਕਾਰਜਾਂ ਵਿੱਚ ਲੱਗੇ ਹੋਏ ਹਨ। ਬੀ.ਐਸ.ਐਫ ਫਿਰੋਜ਼ਪੁਰ ਸੈਕਟਰ ਵਿੱਚ ਸਹਾਇਤਾ ਪ੍ਰਦਾਨ ਕਰ ਰਹੀ ਹੈ। ਇਸ ਤੋਂ ਇਲਾਵਾ ਇੱਕ ਸਟੇਟ ਹੈਲੀਕਾਪਟਰ ਅਤੇ 158 ਕਿਸ਼ਤੀਆਂ ਬਚਾਅ ਅਤੇ ਰਾਹਤ ਕਾਰਜਾਂ ਵਿੱਚ ਲਾਈਆਂ ਗਈਆਂ ਹਨ।

# ਬ੍ਰਹਮਪੁਰਾ ਨੇ ਚੰਬਾ ਕਲਾਂ ਪਹੁੰਚ ਕੇ ਹੜ੍ਹ ਪੀੜਤਾਂ ਦਾ ਦਰਦ ਵੰਡਾਇਆ,ਹਰ ਮਦਦ ਦਾ ਦਿੱਤਾ ਭਰੋਸਾ

ਤਰਨ ਤਾਰਨ
ਰਕੇਸ਼ ਨਈਅਰ

ਹੜ੍ਹਾਂ ਦੀ ਮਾਰ ਝੱਲ ਰਹੇ ਕਿਸਾਨਾਂ ਦੀ ਸਾਰ ਲੈਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਹਲਕਾ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਅੱਜ ਪਿੰਡ ਚੰਬਾ ਕਲਾਂ ਵਿਖੇ ਦਰਿਆ ਦੇ ਕੰਢੇ ਪਹੁੰਚੇ ਅਤੇ ਪੀੜਤਾਂ ਨਾਲ ਹਮਦਰਦੀ ਪ੍ਰਗਟ ਕੀਤੀ।ਇਸ ਮੌਕੇ ਉਨ੍ਹਾਂ ਖੁਲਾਸਾ ਕੀਤਾ ਕਿ ਮਾਣਯੋਗ ਹਾਈਕੋਰਟ ਵੱਲੋਂ ਪਿੰਡ ਧੁੰਨ,ਚੰਬਾ ਕਲਾਂ ਅਤੇ ਕੰਬੋਅ ਢਾਏ ਵਾਲਾ ਦੇ ਕਿਸਾਨਾਂ ਦੇ ਹੱਕ ਵਿੱਚ ਫ਼ੈਸਲਾ ਸੁਣਾਇਆ ਜਾ ਚੁੱਕਾ ਹੈ,ਜਿਸ ਵਿੱਚ ਸਰਕਾਰ ਦੇ ਚੀਫ਼ ਇੰਜੀਨੀਅਰ ਨੂੰ ਕਿਸਾਨਾਂ ਦੀਆਂ ਫ਼ਸਲਾਂ ਬਚਾਉਣ ਲਈ ਠੋਸ ਉਪਰਾਲੇ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬ੍ਰਹਮਪੁਰਾ ਨੇ ਕਿਹਾ,"ਇਹ ਬੇਹੱਦ ਸ਼ਰਮ ਦੀ ਗੱਲ ਹੈ ਕਿ ਮਾਣਯੋਗ ਹਾਈ ਕੋਰਟ ਵੱਲੋਂ ਪੀੜਤਾਂ ਦੇ ਹੱਕ ਵਿੱਚ ਫ਼ੈਸਲਾ ਦੇਣ ਦੇ ਬਾਵਜੂਦ,ਭਗਵੰਤ ਮਾਨ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ। ਪ੍ਰਸ਼ਾਸਨ ਗਾਇਬ ਹੈ ਅਤੇ ਲੋਕ ਆਪਣੀ ਮਦਦ ਆਪ ਕਰਨ ਲਈ ਮਜਬੂਰ ਹਨ।ਅਸੀਂ ਜਲਦੀ ਹੀ ਇਹ ਅਦਾਲਤੀ ਹੁਕਮ ਡਿਪਟੀ ਕਮਿਸ਼ਨਰ ਨੂੰ ਸੌਂਪ ਕੇ ਇਸਨੂੰ ਤੁਰੰਤ ਲਾਗੂ ਕਰਨ ਦੀ ਮੰਗ ਕਰਾਂਗੇ ਅਤੇ ਜੇਕਰ ਅਣਗਹਿਲੀ ਹੋਈ ਤਾਂ ਅਸੀਂ ਅਦਾਲਤ ਦੀ ਮਾਨਹਾਨੀ ਦਾ ਕੇਸ ਵੀ ਦਾਇਰ ਕਰਾਂਗੇ।

ਉਨ੍ਹਾਂ ਨੇ 'ਆਪ' ਸਰਕਾਰ ਦੀ ਨਾਕਾਮੀ ਦਾ ਜ਼ਿਕਰ ਕਰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਬੰਦ ਕਰੇ।ਉਨ੍ਹਾਂ ਕਿਹਾ,"ਜਿਵੇਂ ਹਿਮਾਚਲ ਅਤੇ ਹੋਰ ਸੂਬਿਆਂ ਨੂੰ ਹਜ਼ਾਰਾਂ ਕਰੋੜ ਦੇ ਪੈਕੇਜ ਦਿੱਤੇ ਗਏ ਹਨ,ਉਸੇ ਤਰ੍ਹਾਂ ਪੰਜਾਬ ਦੇ ਕਿਸਾਨਾਂ ਲਈ ਵੀ ਤੁਰੰਤ ਰਾਹਤ ਦਾ ਐਲਾਨ ਹੋਵੇ।ਸਾਨੂੰ 'ਆਪ' ਸਰਕਾਰ 'ਤੇ ਭਰੋਸਾ ਨਹੀਂ',ਇਸ ਲਈ ਕੇਂਦਰ ਸਰਕਾਰ 50,000 ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਬਿਨਾਂ ਕਿਸੇ ਜ਼ਮੀਨੀ ਹੱਦ (5 ਏਕੜ ਦੀ ਸ਼ਰਤ) ਦੇ,ਸਿੱਧਾ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਪਾਵੇ।ਉਨ੍ਹਾਂ ਕਿਹਾ ਕਿ ਮੁਆਵਜ਼ੇ ਲਈ ਪਾਣੀ ਸੁੱਕਣ ਦਾ ਇੰਤਜ਼ਾਰ ਨਾ ਕੀਤਾ ਜਾਵੇ, ਸਗੋਂ ਸਿਆਸਤ ਦੇ ਬੋਹੜ ਰਹੇ ਅਕਾਲੀ ਦਲ ਦੇ ਸਰਪ੍ਰਸਤ ਜਥੇ.ਰਣਜੀਤ ਸਿੰਘ ਬ੍ਰਹਮਪੁਰਾ ਵਾਂਗ ਅੰਦਾਜ਼ੇ ਨਾਲ ਤੁਰੰਤ ਗਿਰਦਾਵਰੀ ਕਰਕੇ ਰਾਹਤ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਅਕਾਲੀ ਦਲ ਪੀੜਤਾਂ ਨੂੰ ਇਨਸਾਫ਼ ਮਿਲਣ ਤੱਕ ਆਪਣਾ ਸੰਘਰਸ਼ ਅਤੇ ਹਰ ਸੰਭਵ ਮੱਦਦ ਜਾਰੀ ਰੱਖੇਗਾ। ਇਸ ਮੌਕੇ ਅਮਰੀਕ ਸਿੰਘ ਸਾਬਕਾ ਸਰਪੰਚ ਚੋਹਲਾ ਸਾਹਿਬ, ਕੁਲਿੰਦਰਜੀਤ ਸਿੰਘ ਚੋਹਲਾ ਖੁਰਦ, ਮਨਜਿੰਦਰ ਸਿੰਘ ਲਾਟੀ, ਡਾ.ਜਤਿੰਦਰ ਸਿੰਘ, ਦਿਲਬਰ ਸਿੰਘ, ਗੁਰਦੇਵ ਸਿੰਘ ਸ਼ਬਦੀ, ਬਾਬਾ ਬਲਬੀਰ



ਸਿੰਘ ਘੈਣਾ, ਸਿਮਰਨਜੀਤ ਸਿੰਘ ਕਾਕੂ ਪੀਏ, ਮਾਸਟਰ ਦਲਬੀਰ ਸਿੰਘ ਚੰਬਾ ਕਲਾਂ, ਅਜੀਤ ਪਾਲ ਸਿੰਘ ਬਿੱਟੂ ਚੰਬਾ ਕਲਾਂ, ਬਲਕਾਰ ਸਿੰਘ ਸਰਪੰਚ ਚੰਬਾ ਹਵੇਲੀਆਂ, ਮਾਸਟਰ ਗੁਰਨਾਮ ਸਿੰਘ ਧੁੰਨ, ਜੋਤਾ ਸਿੰਘ ਸਾਬਕਾ ਸਰਪੰਚ, ਧੁੰਨ, ਪਰਮਜੀਤ ਸਿੰਘ ਚੰਬਾ ਕਲਾਂ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।


SINCE 1990
BAGGA
PALACE
ਇੱਕੋ ਥਾਂ 'ਤੇ ਪਿਛਲੇ 1990 ਤੋਂ
ਤੁਹਾਡੀ ਸੇਵਾ ਕਰ ਰਹੇ ਹਨ
ਖਰੀਦੋ ਮਨਪਸੰਦ ਸੋਨੇ ਦੇ ਗਹਿਣੇ
ਨਵੇਂ ਤੋਂ ਨਵੇਂ ਡਿਜ਼ਾਈਨ
ਸ਼ੁੱਧਤਾ ਦੀ 100% ਗਾਰੰਟੀ
22 ਕੈਰੇਟ ਸੋਨੇ ਦੇ ਗਹਿਣੇ
We buy Gold
ਸੋਨੇ ਦੇ ਗਹਿਣੇ ਖਰੀਦਣ, ਵੇਚਣ ਅਤੇ ਪੁਰਾਣੇ ਸੋਨੇ ਬਦਲੇ
ਨਵਾਂ ਸੋਨਾ ਲੈਣ ਲਈ ਸੰਪਰਕ ਕਰੋ
Ph.: (916) 393-1872, (916) 678-9312
Monday to Sunday (open) | Tuesday ( closed )
(closed)
ADDRESS : 6620 FLORIN ROAD, SACRAMENTO , CA 95828


FLEET SAFETY
Management
• Driver Qualification Files
• Employment Background Verification
• Clearing House Enrollment & Admin Accounts
• DMV Employer Pull Notice (EPN & MVR)
• FMCSA Monitoring
• Accident Claims Assistance
• Vehicle Maintenance Records
• Daily Logbook Audits
• SAP Program Assistance
• Roadside Inspection Updates
• Citation Acknowledgement
• CDL and Medical Card Follow-Up
ਟਰੱਕਿੰਗ ਕੰਪਨੀ, ਦੇ ਮਾਲਕ ਜਾਂ Driver ਹੋ ?
Compliance ਵਿੱਚ ਰਹਿਣ ਲਈ ਮਦਦ ਚਾਹੀਦੀ ਹੈ ?
ਤੁਹਾਡਾ Audit Fail ਹੋ ਗਿਆ ਹੈ ?
ਤੁਹਾਡਾ License ਕਿਸੇ ਵੀ ਨਸ਼ੇ ਕਰਕੇ Suspend ਹੋਇਆ ਹੈ ?
Drug Test ਵਿੱਚ Fail ਹੋ ਗਏ ਹੋ ?
17910 Murphy pkwy Lathrop, CA
(678) 984-2697


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਸਵੇਰੇ ਦੰਦ ਸਾਫ਼ ਕਰੀਏ ਜਾਂ ਰਾਤ ਸੌਣ ਤੋਂ ਪਹਿਲਾਂ?

ਦੰਦ ਮਨੁੱਖੀ ਸਰੀਰ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਇਹ ਨਾ ਸਿਰਫ਼ ਖਾਣੇ ਨੂੰ ਚਬਾਉਣ ਵਿੱਚ ਸਹਾਇਕ ਹਨ ਸਗੋਂ ਮਨੁੱਖੀ ਸ਼ਖਸ਼ੀਅਤ ਅਤੇ ਚਿਹਰੇ ਦੀ ਸੁੰਦਰਤਾ ਨੂੰ ਸੰਵਾਰਨ ਵਿੱਚ ਵੀ ਵੱਡੀ ਭੂਮਿਕਾ ਨਿਭਾਉਂਦੇ ਹਨ। ਦੰਦਾਂ ਦੀ ਸਿਹਤ ਲਈ ਸਫ਼ਾਈ ਬਹੁਤ ਜ਼ਰੂਰੀ ਹੈ। ਪਿਛਲੇ ਲੰਮੇ ਸਮੇਂ ਤੋਂ ਲੋਕਾਂ ਵਿਚ ਚਰਚਾ ਉੱਠ ਰਹੀ ਹੈ ਕਿ ਦੰਦ ਸਾਫ਼ ਕਰਨ ਦਾ ਸਭ ਤੋਂ ਉਚਿਤ ਸਮਾਂ ਕਿਹੜਾ ਹੈ ਸਵੇਰੇ ਉੱਠਣ ਤੋਂ ਬਾਅਦ ਜਾਂ ਰਾਤ ਸੌਣ ਤੋਂ ਪਹਿਲਾਂ? ਇਸ ਪ੍ਰਸ਼ਨ ਨੇ ਸਿਰਫ਼ ਆਮ ਲੋਕਾਂ ਨੂੰ ਹੀ ਨਹੀਂ ਸਗੋਂ ਵਿਗਿਆਨੀਆਂ ਅਤੇ ਦੰਦਾਂ ਦੇ ਸਿਹਤ ਮਾਹਿਰਾਂ ਨੂੰ ਵੀ ਵਿਚਾਰ ਕਰਨ ਲਈ ਮਜਬੂਰ ਕੀਤਾ ਹੈ।

ਸਵੇਰੇ ਦੰਦ ਸਾਫ ਕਰਨ ਦੇ ਲਾਭ

1. ਤਾਜ਼ਗੀ ਭਰੇ ਸਾਹ ਅਤੇ ਚੁਸਤੀ- ਸਵੇਰੇ ਉੱਠਦਿਆਂ ਮੂੰਹ ਵਿੱਚ ਇੱਕ ਅਜਿਹਾ ਸੁਆਦ ਤੇ ਗੰਧ ਮਹਿਸੂਸ ਹੁੰਦੀ ਹੈ ਜਿਸਨੂੰ ਆਮ ਤੌਰ 'ਤੇ ਮਨੁੱਖੀ ਸਿਹਤ ਲਈ ਮਾੜਾ ਕਿਹਾ ਜਾਂਦਾ ਹੈ। ਅਜਿਹਾ ਰਾਤ ਦੇ ਸਮੇਂ ਲਾਰ ਦੀ ਕਮੀ ਅਤੇ ਬੈਕਟੀਰੀਆ ਦੇ ਵਾਧੇ ਕਾਰਨ ਹੁੰਦਾ ਹੈ। ਸਵੇਰੇ ਦੰਦ ਸਾਫ ਕਰਨ ਨਾਲ ਇਹ ਗੰਧ ਦੂਰ ਹੋ ਜਾਂਦੀ ਹੈ ਅਤੇ ਮਨੁੱਖ ਆਪਣੇ ਆਪ ਨੂੰ ਤਾਜ਼ਗੀ ਭਰਿਆ ਮਹਿਸੂਸ ਕਰਦਾ ਹੈ।

2. ਮਾਨਸਿਕ ਤੌਰ 'ਤੇ ਤਿਆਰੀ- ਦਿਨ ਦੀ ਸ਼ੁਰੂਆਤ ਦੰਦਾਂ ਦੀ ਸਫ਼ਾਈ ਨਾਲ ਹੋਣ ਕਾਰਨ ਮਨੁੱਖ ਦੇ ਦਿਮਾਗ ਵਿੱਚ ਚੁਸਤੀ ਆ ਜਾਂਦੀ ਹੈ। ਵਿਗਿਆਨਿਕ ਖੋਜਾਂ ਦੱਸਦੀਆਂ ਹਨ ਕਿ ਸਵੇਰ ਸਮੇਂ ਦੀਆਂ ਸਿਹਤਮੰਦ ਆਦਤਾਂ ਜਿਨ੍ਹਾਂ ਵਿੱਚ ਸ਼ਾਮਲ ਹੈ ਦੰਦਾਂ ਦੀ ਸਫ਼ਾਈ, ਨ੍ਹਾਉਣਾ ਜਾਂ ਹਲਕੀ ਕਸਰਤ, ਮਨੁੱਖ ਦੀ ਮਾਨਸਿਕਤਾ ਅਤੇ ਕਾਰਗੁਜ਼ਾਰੀ 'ਤੇ ਸਕਾਰਾਤਮਕ ਅਸਰ ਪਾਉਂਦੀਆਂ ਹਨ।

3. ਦਿਨ ਭਰ ਦੀ ਸੁਰੱਖਿਆ- ਸਵੇਰੇ ਦੰਦਾਂ ਨੂੰ ਸਾਫ਼ ਕਰਨਾ ਮੂੰਹ ਵਿੱਚ ਬੈਕਟੀਰੀਆ ਦੀ ਸੰਖਿਆ ਘਟਾ ਦਿੰਦਾ ਹੈ, ਜਿਸ ਨਾਲ ਖਾਣ-ਪੀਣ ਦੌਰਾਨ ਹੋਣ ਵਾਲੀ ਐਸਿਡ ਬਣਨ ਦੀ ਪ੍ਰਕਿਰਿਆ ਤੋਂ ਕੁਝ ਹੱਦ ਤੱਕ ਬਚਾਅ ਮਿਲਦਾ ਹੈ।

ਸਵੇਰੇ ਦੰਦ ਸਾਫ਼ ਕਰਨ ਦੇ ਨੁਕਸਾਨ

1. ਜੇ ਰਾਤ ਨੂੰ ਦੰਦਾਂ ਨੂੰ ਸਾਫ਼ ਨਾ ਕੀਤਾ ਹੋਵੇ- ਸਿਰਫ਼ ਸਵੇਰੇ ਬ੍ਰਸ਼ ਕਰਨ ਨਾਲ ਰਾਤ ਭਰ ਇਕੱਠੇ ਹੋਏ ਖਾਣ ਦੇ ਕਣ ਅਤੇ ਬੈਕਟੀਰੀਆ ਦੰਦਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਨਤੀਜੇ ਵਜੋਂ ਦੰਦਾਂ ਵਿੱਚ ਖੋੜ ,ਦੰਦਾਂ ਦੀਆਂ ਬਿਮਾਰੀਆਂ ਅਤੇ ਬਦਬੂ ਦੀ ਸਮੱਸਿਆ ਵੱਧ ਸਕਦੀ ਹੈ।

2. ਖਾਣ ਤੋਂ ਤੁਰੰਤ ਬਾਅਦ ਦੰਦ ਸਾਫ਼ ਕਰਨ ਦੀ ਗਲਤੀ- ਬਹੁਤ ਸਾਰੇ ਲੋਕ ਸਵੇਰੇ ਨਾਸ਼ਤੇ ਤੋਂ ਤੁਰੰਤ ਬਾਅਦ ਬ੍ਰਸ਼ ਕਰਦੇ ਹਨ। ਜੇ ਨਾਸ਼ਤੇ ਵਿੱਚ ਖੱਟੇ ਪਦਾਰਥ (ਜਿਵੇਂ ਸੰਤਰੇ ਦਾ ਜੂਸ ਜਾਂ ਟਮਾਟਰ) ਹੋਣ ਤਾਂ ਉਸ ਵਿੱਚ ਮੌਜੂਦ ਐਸਿਡ ਇਨਾਮਲ ਨੂੰ ਕਮਜ਼ੋਰ ਕਰ ਦਿੰਦਾ ਹੈ। ਇਸ ਸਮੇਂ ਤੁਰੰਤ ਬ੍ਰਸ਼ ਕਰਨ ਨਾਲ ਦੰਦਾਂ ਦੀ ਪਰਤ ਹੌਲੀ-ਹੌਲੀ ਘਿਸ ਸਕਦੀ ਹੈ।

ਰਾਤ ਸੌਣ ਤੋਂ ਪਹਿਲਾਂ ਦੰਦ ਸਾਫ਼ ਕਰਨ ਦੇ ਲਾਭ

1. ਬੈਕਟੀਰੀਆ ਤੋਂ ਲੰਬੇ ਸਮੇਂ ਲਈ ਬਚਾਅ- ਰਾਤ ਦੇ ਸਮੇਂ ਮੂੰਹ ਸੁੱਕਾ ਰਹਿੰਦਾ ਹੈ ਕਿਉਂਕਿ ਲਾਰ ਦੀ ਉਤਪਤੀ ਘੱਟ ਜਾਂਦੀ ਹੈ। ਲਾਰ ਹੀ ਬੈਕਟੀਰੀਆ ਨਾਲ ਲੜਨ ਦਾ ਕੁਦਰਤੀ ਹਥਿਆਰ ਹੈ। ਇਸ ਲਈ ਜੇ ਰਾਤ ਨੂੰ ਦੰਦਾਂ ਨੂੰ ਸਾਫ਼ ਕਰ ਲਿਆ ਜਾਵੇ ਤਾਂ ਬੈਕਟੀਰੀਆ ਨੂੰ ਵੱਧਣ ਦਾ ਮੌਕਾ ਨਹੀਂ ਮਿਲਦਾ।

2. ਦੰਦਾਂ ਦੇ ਖੋੜ ਅਤੇ ਦੰਦਾਂ ਦੀਆਂ ਬਿਮਾਰੀਆਂ ਤੋਂ ਸੁਰੱਖਿਆ- ਵਿਗਿਆਨਕ ਅਧਿਐਨ ਦੱਸਦੇ ਹਨ ਕਿ ਜਿਹੜੇ ਲੋਕ ਰਾਤ ਨੂੰ ਦੰਦਾਂ ਦੀ ਸਫ਼ਾਈ ਨਹੀ ਕਰਦੇ, ਉਨ੍ਹਾਂ ਵਿੱਚ ਕੀੜੇ ਲੱਗਣ ਦੀ ਸੰਭਾਵਨਾ ਦੋ ਗੁਣਾ ਵੱਧ ਹੁੰਦੀ ਹੈ। ਰਾਤ ਨੂੰ ਦੰਦਾਂ ਦੀ ਸਫ਼ਾਈ ਕਰਨ ਨਾਲ ਖਾਣ-ਪੀਣ ਦੇ ਬਚੇ ਹੋਏ ਕਣ ਦੂਰ ਹੋ ਜਾਂਦੇ ਹਨ ਅਤੇ ਦੰਦ ਅਤੇ ਜਬਾੜਾ ਦੋਵੇਂ ਸੁਰੱਖਿਅਤ ਰਹਿੰਦੇ ਹਨ।

3. ਨੀਂਦ ਦੌਰਾਨ ਸਿਹਤ ਦੀ ਰੱਖਿਆ- ਦੰਦਾਂ ਨੂੰ ਸਾਫ਼ ਰੱਖਣ ਨਾਲ ਨੀਂਦ ਵੀ ਸੁਖਦਾਈ ਆਉਂਦੀ ਹੈ। ਜੇ ਮੂੰਹ ਵਿੱਚ ਗੰਧ ਜਾਂ ਚਿਪਚਿਪਾਹਟ ਹੋਵੇ ਤਾਂ ਇਹ ਅਣਜਾਣੇ ਤੌਰ 'ਤੇ ਮਨੁੱਖ ਦੀ ਨੀਂਦ 'ਤੇ ਅਸਰ ਪਾਂਦੀ ਹੈ।

ਰਾਤ ਸੌਣ ਤੋਂ ਪਹਿਲਾਂ ਦੰਦ ਸਾਫ਼ ਕਰਨ ਦੇ ਨੁਕਸਾਨ

1. ਆਲਸ ਅਤੇ ਭੁੱਲਣ ਦੀ ਸਮੱਸਿਆ- ਬਹੁਤ ਵਾਰੀ ਲੋਕ ਥਕਾਵਟ ਜਾਂ ਆਲਸ ਕਾਰਨ ਰਾਤ ਨੂੰ ਦੰਦਾਂ ਦੀ ਸਫ਼ਾਈ ਕਰਨ ਦੀ ਆਦਤ ਨੂੰ ਅਮਲੀ ਜਾਮਾ ਨਹੀਂ ਪਹਿਨਾ ਸਕਦੇ। ਇਸ ਕਾਰਨ ਰਾਤ ਸੌਣ ਤੋਂ ਪਹਿਲਾਂ ਦੰਦਾਂ ਦੀ ਸਫ਼ਾਈ ਦਾ ਕਾਰਜ ਛੱਡਿਆ ਜਾਂਦਾ ਹੈ।

2. ਖਾਣ ਤੋਂ ਤੁਰੰਤ ਬਾਅਦ ਦੰਦਾਂ ਦੀ ਸਫ਼ਾਈ ਕਰਨ ਦੀ ਗਲਤੀ- ਜੇ ਕੋਈ ਵਿਅਕਤੀ ਖਾਸ ਤੌਰ 'ਤੇ ਤੇਜ਼ਾਬੀ ਖਾਣਾ (ਜਿਵੇਂ ਸੋਡਾ ਜਾਂ ਖੱਟੇ ਫਲ) ਖਾਣ ਤੋਂ ਤੁਰੰਤ ਬਾਅਦ ਦੰਦਾਂ ਦੀ ਸਫ਼ਾਈ ਕਰ ਲੈਂਦਾ ਹੈ ਤਾਂ ਇਹ ਦੰਦਾਂ ਦੀ ਪਰਤ ਲਈ ਹਾਨੀਕਾਰਕ ਹੋ ਸਕਦਾ ਹੈ। ਦੰਦਾਂ ਦੇ ਮਾਹਿਰ ਖਾਣਾ ਖਾਣ ਤੋਂ ਘੱਟੋ-ਘੱਟ 30 ਮਿੰਟ ਬਾਅਦ ਦੰਦਾਂ ਦੀ ਸਫ਼ਾਈ ਕਰਨ ਦੀ ਸਲਾਹ ਦਿੰਦੇ ਹਨ।

ਵਿਗਿਆਨਿਕ ਨਜ਼ਰੀਆ

ਦੰਦਾਂ ਦੇ ਵਿਗਿਆਨੀਆਂ ਅਨੁਸਾਰ ਦਿਨ ਵਿੱਚ ਦੋ ਵਾਰ ਦੰਦਾਂ ਦੀ ਸਫ਼ਾਈ ਕਰਨਾ ਸਭ ਤੋਂ ਵਧੀਆ ਆਦਤ ਹੈ – ਇੱਕ ਵਾਰ ਸਵੇਰੇ ਅਤੇ ਇੱਕ ਵਾਰ ਰਾਤ ਸੌਣ ਤੋਂ ਪਹਿਲਾਂ। ਰਾਤ ਨੂੰ ਦੰਦਾਂ ਦੀ ਸਫ਼ਾਈ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਇਸ ਨਾਲ ਦੰਦ ਸਾਰੀ ਰਾਤ ਬੈਕਟੀਰੀਆ ਦੇ ਹਮਲੇ ਤੋਂ ਬਚੇ ਰਹਿੰਦੇ ਹਨ।

ਇਸਦੇ ਨਾਲ ਨਾਲ, ਫਲਾਸਿੰਗ ਅਤੇ ਮਾਊਥਵਾਸ਼ ਦੀ ਵਰਤੋਂ ਵੀ ਜ਼ਰੂਰੀ ਮੰਨੀ ਜਾਂਦੀ ਹੈ ਕਿਉਂਕਿ ਬ੍ਰਸ਼ ਹਮੇਸ਼ਾਂ ਹਰ ਕੋਨੇ ਤੱਕ ਨਹੀਂ ਪਹੁੰਚ ਸਕਦਾ।

ਸਮਾਜਿਕ ਤੇ ਮਨੋਵਿਗਿਆਨਿਕ ਪੱਖ

ਸਫਾਈ ਸਿਰਫ਼ ਵਿਅਕਤੀਗਤ ਸਿਹਤ ਨਾਲ ਹੀ ਨਹੀਂ ਜੁੜੀ, ਸਗੋਂ ਸਮਾਜਕ ਪ੍ਰਭਾਵ ਵੀ ਪੈਂਦੇ ਹਨ। ਜੇ ਕਿਸੇ ਵਿਅਕਤੀ ਦੇ ਮੂੰਹ ਵਿੱਚ ਬਦਬੂ ਹੋਵੇ ਤਾਂ ਉਸ ਦੀ ਸਮਾਜਿਕ ਛਵੀ ਖਰਾਬ ਹੋ ਸਕਦੀ ਹੈ। ਇਸੇ ਤਰ੍ਹਾਂ ਬੱਚਿਆਂ ਵਿੱਚ ਛੋਟੀ ਉਮਰ ਤੋਂ ਹੀ ਸਹੀ ਆਦਤ ਪਾਉਣਾ ਬਹੁਤ ਜ਼ਰੂਰੀ ਹੈ। ਮਾਪੇ ਜੇ ਬੱਚਿਆਂ ਨੂੰ ਸਵੇਰੇ ਅਤੇ ਰਾਤ ਦੰਦਾਂ ਦੀ ਸਫ਼ਾਈ ਕਰਨ ਦੀ ਆਦਤ ਪਾਉਣ ਤਾਂ ਭਵਿੱਖ ਵਿੱਚ ਦੰਦਾਂ ਦੀਆਂ ਬਿਮਾਰੀਆਂ ਘੱਟ ਹੋ ਸਕਦੀਆਂ ਹਨ।

ਸਵੇਰੇ ਅਤੇ ਰਾਤ ਦੋਵੇਂ ਸਮਿਆਂ ਦੰਦਾਂ ਦੀ ਸਫ਼ਾਈ ਕਰਨ ਦੇ ਆਪਣੇ ਫਾਇਦੇ ਹਨ, ਪਰ ਜੇ ਕੋਈ ਵਿਅਕਤੀ ਇੱਕ ਹੀ ਸਮਾਂ ਚੁਣੇ ਤਾਂ ਦੰਦਾਂ ਦੇ ਮਾਹਿਰਾਂ ਦੀ ਰਾਏ ਵਿੱਚ ਰਾਤ ਨੂੰ ਦੰਦਾਂ ਦੀ ਸਫ਼ਾਈ ਸਭ ਤੋਂ ਜ਼ਰੂਰੀ ਹੈ। ਇਹ ਦੰਦਾਂ ਨੂੰ ਲੰਬੇ ਸਮੇਂ ਲਈ ਸੁਰੱਖਿਅਤ ਰੱਖਦੀ ਹੈ ਅਤੇ ਦੰਦਾਂ ਦੀਆਂ ਬੀਮਾਰੀਆਂ ਤੋਂ ਬਚਾਉਂਦੀ ਹੈ।

ਪਰ ਆਦਰਸ਼ ਤਰੀਕਾ ਇਹੀ ਹੈ ਕਿ ਦਿਨ ਵਿੱਚ ਦੋ ਵਾਰ ਦੰਦਾਂ ਨੂੰ ਸਾਫ਼ ਕੀਤਾ ਜਾਵੇ – ਸਵੇਰੇ ਤਾਜ਼ਗੀ ਅਤੇ ਦਿਨ ਦੀ ਤਿਆਰੀ ਲਈ, ਅਤੇ ਰਾਤ ਸੌਣ ਤੋਂ ਪਹਿਲਾਂ ਦੰਦਾਂ ਦੀ ਸੁਰੱਖਿਆ ਲਈ। ਦੰਦਾਂ ਦੀ ਸਿਹਤ ਮਨੁੱਖੀ ਸਰੀਰਕ ਸਿਹਤ ਨਾਲ ਸਿੱਧਾ ਸੰਬੰਧ ਰੱਖਦੀ ਹੈ। ਇੱਕ ਛੋਟੀ ਜਿਹੀ ਆਦਤ ਸਵੇਰੇ ਅਤੇ ਰਾਤ ਦੰਦਾਂ ਦੀ ਸਫ਼ਾਈ ਕਰਨ ਦੀ ਮਨੁੱਖੀ ਸਿਹਤ ਲਈ ਵੱਡਾ ਹਿੱਸਾ ਪਾ ਸਕਦੀ ਹੈ। ਇਸ ਲਈ, ਸਿਰਫ਼ "ਕਦੋਂ" ਨਹੀਂ, ਸਗੋਂ "ਕਿੰਨੀ ਵਾਰ" ਅਤੇ "ਕਿਵੇਂ" ਦੰਦਾਂ ਨੂੰ ਸਾਫ਼ ਕਰਨਾ ਹੈ ਇਹ ਜਾਣਨਾ ਹਰ ਵਿਅਕਤੀ ਲਈ ਬਰਾਬਰ ਮਹੱਤਵਪੂਰਨ ਹੈ।



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ




RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
➤ 2 ਸਾਲ ਦਾ Work Permit
➤ Spouse ਨੂੰ ਮਿਲੇਗਾ Open Work Permit
➤ ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
➤ ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA



SANJHI SOCH
ਨਰੇਸ਼ ਕੁਮਾਰੀ
ਨਿਊਜੀਲੈਂਡ
+642041755894

# ਪੰਜਾਬ ਤ੍ਰਾਸਦੀ

ਇਤਿਹਾਸ:-

ਸਾਥੀਓ ਆਪ ਸਾਰੇ ਜਾਣਦੇ ਹੀ ਹੋ ਕਿ ਇਤਿਹਾਸਿਕ ਦੌਰ ਵਿੱਚ ਵੀ ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਸੀ ਕਿ ਭਾਰਤ ਵਿੱਚ ਦਾਖਲ ਹੋਣ ਦਾ ਜ਼ਮੀਨੀ ਮਾਰਗ ਇੱਕੋ ਇੱਕ ਸੀ ਤੇ ਉਹ ਉੱਤਰੀ ਭਾਰਤ । ਇਸ ਵਿੱਚ ਵੀ ਪੰਜਾਬ ਦਾ ਰਕਬਾ ਸਭ ਤੋਂ ਓਵੱਡਾ ਸੀ । ਖ਼ੈਬਰ ਦੱਰੇ ਤੇ ਹੋਰ ਅਜਿਹੇ ਹੀ ਕਈ ਰਸਤਿਆਂ ਨੇ ,ਬਾਬਰ,ਸਿਕੰਦਰ, ਪੋਰਸ ਤੇ ਮੁਗਲ ਸ਼ਾਸਕਾਂ ,ਮੁਹੰਮਦ ਗਜਨਵੀ ਨੂੰ ਹਿੰਦੁਸਤਾਨ ਲੁੱਟਣ ਦਾ ਖੁੱਲਾ ਮੌਕਾ ਦਿੱਤਾ,ਪਰ ਹਰ ਵਾਰ ਪੰਜਾਬ ਇਨਾਂ ਨਾਲ ਦੋ ਦੋ ਹੱਥ ਕਰਦਾ,ਤਬਾਹ ਹੁੰਦਾ ਤੇ ਫਿਰ ਤੋਂ ਸੁਰਜੀਤ ਹੁੰਦਾ ਰਿਹਾ। ਹਨ ਮਾਲ ਦੇ ਨਾਲ ਨਾਲ ਧੀਆਂ ਭੈਣਾਂ ਦੀ ਆਬਰੂ ਦੀ ਰਾਖੀ ਲਈ ਇਹ ਪੰਜਾਬੀ ਯੋਧੇ ਖਾਸ ਤੌਰ ਤੇ ਦੁਸ਼ਮਣਾਂ ਅੱਗੇ ਚੱਟਾਨਾਂ ਬਣਕੇ ਖੜ ਤੇ ਅੜ ਜਾਂਦੇ ਸਨ। ਇਹ ਗੁਰੂਆ , ਪੀਰਾਂ ,ਫ਼ਕੀਰਾਂ ਦੀ ਧਰਤੀ ਜਿੱਥੇ ਬਾਬੇ ਗੁਰੂ ਨਾਨਕ ਨੇ ਤੇ ਨੌਂ ਹੋਰ ਗੁਰੂਆਂ ਤੇ ਭਗਤਾਂ ਨੇ ਸੁੱਚੀ ਬਾਣੀ ਦਾ ਅੰਮ੍ਰਿਤ ਪੰਜਾਬੀਆਂ ਨੂੰ ਪਿਲਾ ਕੇ ਲੋਕਾਈ ਲਈ ਵਿਲੱਖਣ ਸੇਵਾਭਾਵ ਦਾ ਜਜ਼ਬਾ ਭਰਿਆ ਸੀ , ਜਿਨਾਂ ਦਾ ਸੈਂਕੜੇ ਜੰਗਾਂ, ਮੁਗਲਾਂ ਦੁਆਰਾ ਵੱਡੇ ਪੱਧਰ ਤੇ ਕਤਲੇਆਮ,ਚਰਾਸੀ ਦੇ ਦੰਗੇ ਤੇ ਹੋਰ ਬਹੁਤ ਸਾਰੀਆਂ ਅੰਦਰੂਨੀ ਤੇ ਬਾਹਰੀ ਸਾਜਿਸਾਂ ਕੁਝ ਨਹੀਂ ਵਿਗਾੜ ਸਕੀਆਂ। ਉਸ ਪੰਜਾਬ ਵਿੱਚ ਅੱਜ ਫਿਰ ਕਈਆਂ ਵਾਰੀਆਂ ਦੀ ਤਰਾਂ ਇੱਕ ਹੋਰ ਘੁਸਪੈਠੀਏ ਨੇ ਹਮਲਾ ਕੀਤਾ ਹੈ ਤੇ ਹਰ ਵਾਰ ਦੀ ਤਰ੍ਹਾਂ ਪੰਜਾਬੀ ਅੱਜ ਵੀ ਕਿਸੇ ਦੇ ਹੱਥਾਂ ਵੱਲ ਤੱਕਿਆ ਬਗ਼ੈਰ ,"ਆਪੇ ਹੀ ਆਪਣਾ ਕਾਜ ਸਵਾਰ ਰਹੇ ਹਨ"।

ਕੁਝ ਵੱਖਰੇ ਤੌਰ-/ਸਕਾਰਾਤਮਿਕ ਪੱਖ

ਭਾਵੇਂ ਬੇਰੋਜ਼ਗਾਰੀ, ਸੋਸ਼ਲ ਮੀਡੀਆ ਤੇ ਹੋਰ ਬਹੁਤ ਸਾਰੇ ਕਾਰਨਾਂ ਕਰਕੇ ਪੰਜਾਬ ਦੀ ਜਵਾਨੀ ਨਸ਼ਿਆਂ ਆਦਿ ਵਿੱਚ ਫਸਕੇ ਬਦਨਾਮ ਹੋ ਚੁੱਕੀ ਹੈ। ਪਰ ਸਲਾਮ ਹੈ ਅੱਜ ਦੇ ਹੜਾਂ ਸਮੇਂ ਦਿਖਾਏ ਪੰਜਾਬੀਆਂ ਵੱਲੋਂ ਮਦਦ ਜਜ਼ਬੇ ਨੂੰ। ਉਹ ਕਿਹੜਾ ਇਨਸਾਨ ਨਹੀਂ ਜਿਸਨੇ ਆਪਣੀ ਪਹੁੰਚ ਅਨੁਸਾਰ ਪਹਿਲੇ ਹੀ ਦਿਨ ਤੋਂ ਹੜ੍ਹ ਪੀੜਤਾਂ ਦੀ ਮਦਦ ਕਰਨੀ ਨਹੀਂ ਆਰੰਭੀ, ਫਿਰ ਭਾਵੇਂ ਸਿੱਧੇ ਜਾਂ ਅਸਿੱਧੇ ਤੌਰ ਤੇ। ਲੰਗਰ ਤੋਂ ਲੈ ਕੇ ,ਕਿਸ਼ਤੀਆਂ ,ਪਸ਼ੂਆਂ ਦਾ ਚਾਰਾ,ਬੱਚਿਆਂ ਲਈ ਸੂਖਮ ਖਾਣਾ ਪੀਣਾ,ਕੱਪੜੇ ,ਦਵਾਈਆਂ,ਤੇ ਅਣਗਿਤ ਜ਼ਰੂਰਤ ਦੀਆਂ ਚੀਜ਼ਾਂ। ਕਿਸੇ ਨੇ ਆਪਣੇ ਟਰੈਕਟਰ ਟਰਾਲੀਆਂ, ਕਿਸੇ ਆਪਣੇ ਘਰ ਦੀ ਦੀ ਛੱਤ,ਕਿਸੇ ਨੇ ਡੰਗਰਾਂ ਲਈ ਆਪਣੇ ਰਿਜੌਰਟ ,ਪੱਠਿਆਂ ਸਮੇਤ,ਕਿਸੇ ਆਪਣੀਆਂ ਸਿੱਧੀਆਂ ਸੇਵਾਵਾਂ ਤੇ ਹੋਰ ਬਹੁਤ ਕੁਝ ਨਾਲ ਜ਼ਰੂਰਤਮੰਦਾਂ ਦੀ ਮਦਦ ਕੀਤੀ। ਇੱਕ ਹੜ੍ਹ ਤਾਂ ਮਾਰੂ ਹੜ੍ਹ ਹੈ,ਪਰ ਦੂਸਰਾ ,"ਦਾਨੀਆਂ ਦਾ ਹੜ੍ਹ" ਖੁਸ਼ੀ ਤੇ ਸਕੂਨ ਦਿੰਦਾ ਹੈ ,ਕਿ ਜਿਸ ਸਮਾਜ ਵਿੱਚ ਖੂਨ ਸਫੇਦ ਹੋ ਗਿਆ ਹੈ,ਉਥੇ ਇਨਸਾਨਿਅਤ ਅਜੇ ਵੀ ਜਿਉਂਦੀ ਹੈ। ਸੰਤ ਸਿੰਘ ਮਸਕੀਨ ਜੀ ਦੀ ਇੱਕ ਗੱਲ ਯਾਦ ਆਉਂਦੀ ਹੈ,ਕਿ ਹਰ ਬੰਦੇ ਵਿੱਚ ਕਈ ਤਰਾਂ ਦੇ ਮਾਦੇ ਹੁੰਦੇ ਹਨ ਤੇ ਹਾਲਾਤਾਂ ਅਨੁਸਾਰ ਹੀ ਬਾਹਰ ਨਿੱਕਲਦੇ ਹਨ। ਜਿਵੇਂ ਕੋਈ ਚੋਰ ਉਦੋਂ ਹੀ ਚੋਰੀ ਕਰਦਾ ਜਦੋਂ ਚੀਜ਼ ਦੀ ਰਾਖੀ ਨਾ ਹੋ ਰਹੀ ਹੋਵੇ, ਜਾਂ ਫਿਰ ਕੀਰਤਨ ਵਿੱਚ ਬੈਠਿਆਂ ਹੀ ਸ਼ਬਦ ਪੜਨ ਨੂੰ ਜੀ ਉਮੜਦਾ ਹੈ। ਇਥੇ ਜਿਕਰ ਕਰਨਾ ਬਣਦਾ ਹੈ ਕਿ ਪੰਜਾਬੀ ਸੰਗੀਤ ਇੰਡਸਟਰੀ ਨੇ ਦਿਲ ਖੋਲਕੇ ਹੜ੍ਹ ਪੀੜਤਾਂ ਦੀ ਮਦਦ ਕੀਤੀ ਹੈ,ਇਨਾਂ ਵਿੱਚ ਹਰਭਜਨ ਮਾਨ,ਨਿੱਕੂ,ਗਿੱਪੀ ਗਰੇਵਾਲ, ਅਮ੍ਰਿਤ ਮਾਨ,ਦਲਜੀਤ ਦੁਸਾਂਝ ਤੇ ਲੱਗਭਗ ਸਾਰੇ ਹੀ ਪੰਜਾਬੀ ਗਾਇਕਾਂ ਨੇ ਵੀ ਵਧ ਚੜਕੇ ਲੋਕਾਂ ਦੀ ਲੋੜ ਨੂੰ ਮੁੱਖ ਰੱਖ ਕੇ ਯੋਗਦਾਨ ਪਾਇਆ ਹੈ। ਅਗਲੀ ਗੱਲ ਵੀ ਮਹੱਤਵਪੂਰਨ ਹੈ ਕਿਉਂਕਿ,ਪਹਿਲਾਂ ਅਜਿਹੀ ਤ੍ਰਾਸਦੀ ਸਮੇਂ ਸਰਕਾਰਾਂ ਪੂਛ ਦੱਬ ਕੇ ਬੈਠ ਜਾਂਦਾ ਕਰਦੀਆਂ ਸਨ, ਪਰ ਇਸ ਵਾਰੀ ਰਾਜ ਸਰਕਾਰ ਦੇ ਨਾਲ ਨਾਲ,ਸੈਂਟਰ ਦੀ ਸਰਕਾਰ ਨੇ ਵੀ ਭਰਪੂਰ ਯੋਗਦਾਨ ਪਾਇਆ ਹੈ,ਜਿਵੇਂ,ਐਨ ਡੀ ਆਰ ਐਫ ਦੀਆਂ ਟੀਮਾਂ, ਬੀ ਐਸ ਐਫ ਦੀਆਂ ਟੀਮਾਂ,ਫੌਜ ਦੇ ਤਿੰਨਾ ਕਾਲਮਾਂ ਦੀਆਂ ਟੀਮਾਂ,ਮੈਡੀਕਲ ਟੀਮਾਂ,ਵੈਟਰਨਰੀ ਟੀਮਾਂ ਤੇ ਹੋਰ ਅਨੇਕਾਂ ਸਰਕਾਰੀ ਵਿਭਾਗਾਂ ਨੇ ਵੀ ਪੂਰੇ ਜਜ਼ਬੇ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਵਿੱਚ ਭਾਗ ਲਿਆ ਹੈ।

ਕੁਝ ਛੋਟੀਆਂ ਪਰ ਮਹੱਤਵਪੂਰਨ ਗੱਲਾਂ:--

ਪ੍ਰਸ਼ਾਸਨ ਨੂੰ ਸ਼ੁਰੂ ਤੋਂ ਹੀ ਹਰਕਤ ਵਿੱਚ ਆ ਕੇ ਫੁੱਲ ਪਰੂਫ /ਟੈਂਟੇਟਿਵ {ਇਣਚਲੁਸਿਵਏ ੋਨ ੳਲਲ ਪੲਰਸਪੲਚਟਿਵੲਸ } ਯੋਜਨਾ ਉਲੀਕ ਲੈਣੀ ਚਾਹੀਦੀ ਸੀ। ਸੜਕਾਂ ਲਈ ਨੈਵੀਗੇਟਰ , ਅੱਪਟੂਡੇਟ ਅਵੇਲੇਬਲ ਕਰ ਲੈਣਾ, ਪੇਪਰ ਤੇ ਛੋਟੇ ਤੋਂ ਛੋਟੇ ਰੋਡ ਤੇ ਪਹੇ ਦਾ ਮੈਪ {ਟੋਇਆਂ,ਖੱਡਿਆਂ ਦੀ ਨਿਸ਼ਾਨਦੇਹੀ ਨਾਲ ਤਿਆਰ ਕਰਨਾ }ਕਿਸ਼ਤੀਆਂ ,ਮਲਾਹਾਂ ਤੇ ਟੈਕਨੀਸ਼ੀਅਨਸ ਦਾ ਇੰਤਜ਼ਾਮ,ਨੀਵੇਂ ਪਿੰਡਾਂ ਵਿੱਚ ਬਾਰ ਬਾਰ ਅਨਾਊਂਸਮੈਂਟ ਤੇ ਲੌਜਿਸਟਿਕ ਦਾ ਪ੍ਰਬੰਧ, ਫੋਨ ਦੀਆਂ ਹੌਟ ਲਾਈਨਾਂ, ਐਮਰਜੈਂਸੀ ਲਾਈਨਾਂ,ਡੌਂਗਲਜ ਦੀ ਵੰਡ ,ਰਸਦ ਦਾ ਇੰਤਜ਼ਾਮ,ਕੱਪੜਿਆਂ ,ਦਵਾਈਆਂ,ਸੈਨੇਟਰੀ ਪੈਂਡਾ,ਉੱਚੀਆਂ ਤੇ ਉਭੜ ਖਾਬੜ ਰਸਤਿਆਂ ਤੇ ਚੱਲਣ ਵਾਲੀਆਂ ਗੱਡੀਆਂ, ਹਸਪਤਾਲਾਂ ਵਿੱਚ ਵਾਰਡ ਵੇਕੇਟ ਕਰਵਾਉਣਾ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੂੰ ਮਦਦ ਲਈ ਸੰਪਰਕ ਕਰਕੇ ਰੱਖਣਾ ਆਦਿ ਪਹਿਲੇ ਲੈਵਲ ਦੀ ਲੋੜ ਹੈ। ਅਗਲਾ ਕਦਮ ਪਾਣੀ ਉੱਤਰ ਜਾਣ ਤੇ ਮੁੜ ਵਸੇਬੇ ਲਈ ਪੀੜਤਾਂ ਨੂੰ ਘਰ ਉਸਾਰਕੇ ਦੇਣੇ,ਜੀਵਨ ਦੀਆਂ ਬਾਕੀ ਵਸਤਾਂ ਮੁੱਹਈਆ ਕਰਾਉਣੀਆਂ,ਬੀਮਾਰੀਆਂ ਤੋਂ ਬਚਾਉਣਾ, ਜ਼ੰਗੀ ਪੱਧਰ ਤੇ ਸਫ਼ਾਈ ਦਾ ਪ੍ਰਬੰਧ,ਬੀਮਾਰੀਆਂ ਦੀ ਰੋਕਥਾਮ ਤੇ ਇਲਾਜ।

ਸੋਚਣ ਵਾਲੀ ਗੱਲ:---

ਬਹੁਤ ਸਾਰੀਆਂ ਖ਼ਾਸੀਅਤਾਂ ਦੇ ਨਾਲ ਨਿਊਜੀਲੈਂਡ ਤੇ ਹੋਰ ਵਿਕਸਿਤ ਦੇਸ਼ ਕਿਸੇ ਵੀ ਪ੍ਰੋਜੈਕਟ ਨੂੰ ਆਰੰਭ ਕਰਨ ਤੋਂ ਪਹਿਲਾਂ,ਉਸਦੇ ਹਰ ਪਹਿਲੂ ਦੀ ਚੰਗੀ ਤਰਾਂ ਜਾਂਚ ਪੜਤਾਲ ਤੇ ਤਰਾਂ ਤਰਾਂ ਦੇ ਤਜਰਬੇ ਕਰਨ ਤੋਂ ਬਾਅਦ ਹੀ ਆਖਰੀ ਫੈਸਲਾ ਲੈਂਦੇ ਹਨ। ਭਾਵ ,ਇਸ ਦੇ ਬਣਨ ਤੋਂ ਬਾਅਦ ਵਿਸ਼ੇਸ਼ ਹਾਲਾਤਾਂ ਵਿੱਚ ਹਾਨੀਆਂ ਕੀ ਹੋ ਸਕਦੀਆਂ ਹਨ ? ਅਜਿਹੇ ਹਾਲਾਤਾਂ ਵਿਚ ਇਨਾਂ ਹਾਨੀਆਂ ਤੋਂ ਕਿਵੇਂ ਬਚਾਅ ਕਰਨਾ, ਪ੍ਰੋਜੈਕਟ ਨੂੰ ਸੁਰੱਖਿਅਤ ਰੱਖਣ ਲਈ ਕੀ ਕਰਨਾ ?ਇਸ ਸਭ ਕੁਝ ਲਈ ਕੁਦਰਤੀ ਆਪਦਾਵਾਂ ਤੱਕ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ। ਸੋ ਮੇਰਾ ਇਸ਼ਾਰਾ ਡੈਮ ਵਿਕਸਿਤ ਕਰਨ ਸਮੇਂ ਕੇਵਲ ਤੇ ਕੇਵਲ ਬਿਜਲੀ ਪੈਦਾ ਕਰਨਾ ਮਕਸਦ ਧਿਆਨ ਵਿੱਚ ਰੱਖਿਆ ਗਿਆ। ਜਦੋਂਕਿ ਹੁਣ ਪਾਣੀ ਦਾ ਸਤਰ ਖ਼ਤਰੇ ਤੋਂ ਵੱਧ ਜਾਣ ਤੇ ਸਿਰਫ ਇੱਕ ਹੀ ਰਸਤਾ ਬਚਦਾ ਹੈ ਤੇ ,ਉਹ ਹੈ,ਡੈਮ ਦੇ ਗੇਟ ਖੋਲ੍ਹ ਕੇ ਘੁੱਗ ਵੱਸਦੇ ਲੋਕਾਂ ਨੂੰ ਉਜਾੜ ਤੇ ਤਬਾਹ ਕਰ ਦੇਣਾ । ਕੀ ਹਰ ਸਾਲ ਕਰੋੜਾਂ ਰੁਪਏ ਦੇ ਬਜਟ ਵਿੱਚੋਂ,ਕੋਈ ਅਜਿਹੀ ਸਕੀਮ ਅਮਲ ਵਿੱਚ ਨਹੀਂ ਲਿਆਂਦੀ ਜਾ ਸਕਦੀ ਜੋ ਪਹਿਲਾਂ ਹੋਈਆਂ ਗਲਤੀਆਂ ਨੂੰ ਸੁਧਾਰ ਸਕਿਆ ਜਾਵੇ। ਅੱਜ ਜੇ ਅਸੀਂ ਆਰਟੀਫਿਸ਼ਲ ਇੰਟੈਲੀਜੈਂਸ ਤੱਕ ਪਹੁੰਚ ਗਏ ਹਾਂ ,ਸਾਡੇ ਕੋਲ ਆਲ੍ਹਾ ਦਰਜੇ ਦੇ ਇੰਜੀਨੀਅਰ ਤੇ ਮਸੀਨਰੀ ਮੁੱਹਈਆ ਹੈ ,ਤਾਂ ਇਨਾਂ ਵਕਤੀ ਸਮੱਸਿਆਵਾਂ ਦਾ ਹੱਲ ਲੱਭਣਾ ਅਸੰਭਵ ਨਹੀਂ । ਲੋੜ ਹੈ , ਤਾਂ ਸਿਆਸਤਦਾਨਾਂ ਦੇ ਭ੍ਰਸ਼ਟ ਵਤੀਰੇ ਨੂੰ ਤਿਆਗ ਕੇ ਇਮਾਨਦਾਰੀ ਦੀ ਸੋਚ ਵਿੱਚ ਜਨਤਾ ਨੂੰ ਇਨਸਾਨ ਸਮਝਣ ਦੀ। ਹਰ ਸਾਲ ,ਉੱਤਰ ਭਾਰਤ ਹੜਾਂ ਦੀ ਮਾਰ ਨਾਲ ਰੁੜਦਾ ਹੈ,ਪਰਿਵਾਰ ਦੇ ਹਜ਼ਾਰਾਂ ਜੀਆਂ ਦੀਆਂ ਅਜਾਈਂ ਜਾਨਾਂ ਭੰਗ ਦੇ ਭਾੜੇ ਚਲੀਆਂ ਜਾਂਦੀਆਂ ਹਨ,ਮਾਲ ਧਨ, ਜਾਇਦਾਤਾਂ ,ਵਸੇਬਿਆਂ ਦਾ ਅਥਾਹ ਖਜ਼ਾਨਾ ਹੁੰਦਾ ਹੈ। ਲੋਕਾਂ ਦਾ ਜੀਵਨ ਬਸਰ ਇਸੇ ਢਾਹ ਭੰਨ ਦੇ ਸੰਘਰਸ਼ ਵਿੱਚ ਲੰਘ ਜਾਂਦਾ ਹੈ। ਦੂਸਰੇ ਪਾਸੇ ਸਿਆਸਤਦਾਨ ਇੱਕੋ ਹੀ ਤੋਤਾ ਰਟਨ ਲਾਈ ਰੱਖਦੇ ਹਨ,ਕਿ ਕੁਦਰਤ ਅੱਗੇ ਕੋਈ ਜੋਰ ਨਹੀਂ। ਜ਼ਰਾ ਸੋਚੋ ਇਹ ਕਿਸਨੂੰ ਮੂਰਖ ਬਣਾਇਆ ਜਾ ਰਿਹਾ ਹੈ ? ਕਿਸਦੇ ਬੇਸ਼ਕੀਮਤੀ ਜੀਵਨ ਨਾਲ ਖੇਡਿਆ ਜਾ ਰਿਹਾ ਹੈ। ਕੀ ਨਹੀਂ ਹੋ ਸਕਦਾ ? ਵੱਡੇ ਵੱਡੇ ਪ੍ਰੋਜੈਕਟਾਂ ਨਾਲ ਐਮਰਜੈਂਸੀ ਰਿਜਰਵਾਇਰ ਬਣਾਏ ਜਾ ਸਕਦੇ ਹਨ, ਮਨ ਸਮੇਂ ,ਪਾਣੀ ਲਈ ਲੜਨ ਦੀ ਬਜਾਏ ਏਥੋਂ ਸਿੰਚਾਈ ਹੋ ਸਕੇ। ਡੈਮਾਂ ਤੋਂ ਸਿੱਧੀਆਂ ਨਹਿਰਾਂ ਕੱਢੀਆਂ ਜਾ ਸਕਦੀਆਂ ਹਨ, ਜਿਨਾਂ ਨੂੰ ਆਮ ਹਾਲਾਤਾਂ ਵਿੱਚ ਸਿੰਚਾਈ ਲਈ ਵਰਤਿਆ ਜਾਵੇ ਤੇ ਅਜਿਹੀ ਬਲੱਡ ਦੀ ਸਥਿਤੀ ਵਿੱਚ ਸਿੰਚਾਈ ਰਸਤੇ ਬੰਦ ਕਰਕੇ ,ਪਾਣੀ ਸਿੱਧਾ ਸਮੁੰਦਰ ਵਿੱਚ ਸੁੱਟਿਆ ਜਾ ਸਕੇ। ਇਹ ਪੂਰੀ ਕੀਤੀ ਤੇ ਨੀਤੀ ਨਾਲ ਹੀ ਸੰਭਵ ਹੈ। ਅਜਿਹੇ ਪਲਾਨ ਬੰਗਾਲ ਦੀ ਖਾੜੀ ਵਾਲੇ ਪਾਸੇ ਤੇ ਦੂਸਰੇ,ਅਰਬ ਸਾਗਰ ਵਾਲੇ ਪਾਸੇ ਵਾਧੂ ਬਰਸਾਤੀ ਪਾਣੀ ਨੂੰ ਚੈਨਾਲਾਈਜ ਕੀਤਾ ਜਾ ਸਕਦਾ ਹੈ । ਇਸ ਸਭ ਕੁਝ ਵਿੱਚ ਚੁਨੌਤੀਆਂ ਬਹੁਤ ਹਨ,ਪਰ ,ਜਿਥੇ ਸਰਕਾਰਾਂ ਆਪਣੇ ਰੁਤਬੇ ਨੂੰ ਇਸਤੇਮਾਲ ਕਰਕੇ ਸੜਕਾਂ ਲਈ ਕਿਸਾਨਾਂ ਦੀਆਂ ਜ਼ਮੀਨਾਂ,ਉਨਾਂ ਦੀ ਮਰਜ਼ੀ ਤੋਂ ਬਗੈਰ,ਜ਼ਬਰਦਸਤੀ ਐਕੁਆਇਰ ਕਰ ਸਕਦੀ ਹੈ ,ਕੀ ਉਸਦੀ ਥਾਂ ਇਹ ਜ਼ਿਆਦਾ ਮਹੱਤਵਪੂਰਨ ਤੇ ਲੋੜੀਂਦਾ ਕੰਮ ਨਹੀਂ ਕਰ ਸਕਦੀ ?






ੴ ਸਤਿਗੁਰ ਪ੍ਰਸਾਦਿ

# Sikh Gurdwara San Jose Newsletter

## A Report on Scholarships Program Of Sikh Gurdwara San Jose

## Background & Motivation

In the fall of 2018, members of the Parbandhak Committee recognized a pressing concern: Many Sikh students were unable to pursue higher education due to financial constraints. As a result, they often found themselves in low-paying jobs with limited upward mobility. The chart below illustrates how lifetime earnings in the Bay Area can significantly increase with higher education. While these figures represent averages, they highlight the transformative potential of education, especially for families with limited financial means. We have scholarships program to help students from needy families.




## Empowering Academic Excellence

Another key motivation was to support high-achieving high school students in gaining admission to prestigious universities. These students often go on to hold influential positions in society. However, it is common for highly educated individuals to become disconnected from their community due to professional demands. The scholarship program aims to keep these future leaders engaged with the Gurdwara Sahib, ensuring continued progress for the Sikh community.

## Promoting Sikh Identity in Education

A third goal was to encourage more Sikh educators with visible Sikh identity (*Sikhi Saroop*) in K–12 schools. Over their careers, these teachers interact with thousands of students, helping normalize and positively represent Sikh identity. They also serve as role models and advocates for Sikh students who may face challenges due to their faith. Since teaching salaries are often lower than those in the tech sector, dedicated scholarships were introduced to support those pursuing teaching credentials. This initiative has seen promising early success.

## Encouraging Sikh Representation in Journalism

The program also seeks to inspire Sikhs to enter journalism—both in news and broadcasting. Sikh journalists can play a vital role in accurately representing the community and dispelling misconceptions over time.

## Program Impact & Future Plans

In response to these motivations, the Gurdwara Sahib launched a scholarship program targeting all these categories. The initiative has been highly successful in achieving its objectives. In the following pages, you'll find testimonials from scholarship recipients detailing how this support has contributed to their academic and professional growth.

We extend our heartfelt gratitude to the Sangat for their generous donations, which have made this program possible. A wider support will allow us to expand its reach and impact.

## New Scholarship Announcement – Fall 2025

Building on this success, we are pleased to announce scholarships for students entering college in Fall 2025.

- **Applications and details** are available at: www.sanjosegurdwara.org
- **Application Deadline**: August 31, 2025

## Testimonials From Scholarship Winners



**Taranjeet Singh Rathore:** Taranjeet Rathore won the scholarship in 2019. He consistently kept high grades in his studies. Here is what he writes,

